13-SEP-PAGE-1.qxd 9/12/2024 10:53 PM Page 1

ਸ਼ੁੱਕਰਵਾਰ, 13 ਸਤੰਬਰ, 2024
29 ਭਾਦੋਂ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 103

ਨਵਾਂ ਜ਼ਮਾਨਾ

DAILY NAWAN ZAMANA • FRIDAY, 13 SEPTEMBER, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਇਹ ਤਸਵੀਰ ਬਣੀ ਵੱਡੇ ਸਦਮੇ ਦਾ ਸਬੱਬ

ਨਵੀਂ ਦਿੱਲੀ : ਭਾਰਤ ਦੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਦੇ ਘਰ ਬੁੱਧਵਾਰ ਗਣੇਸ਼ ਪੂਜਾ ਵੇਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੌਜੂਦਗੀ ਨੇ ਤਕੜਾ ਵਿਵਾਦ ਪੈਦਾ ਕਰ ਦਿੱਤਾ ਹੈ। ਉੱਘੇ ਵਕੀਲਾਂ ਤੇ ਸਿਆਸਤਦਾਨਾਂ ਨੇ ਇਸ 'ਤੇ ਸਖਤ ਇਤਰਾਜ਼ ਕੀਤਾ ਹੈ। ਮੋਦੀ ਮਹਾਰਾਸ਼ਟਰੀਅਨ ਪਹਿਰਾਵੇ ਵਿਚ ਸਨ। ਕੈਮਰਿਆਂ ਦਾ ਵੀ ਪ੍ਰਬੰਧ ਕੀਤਾ ਗਿਆ। ਮਹਾਰਾਸ਼ਟਰ ਵਿਚ ਸਿਆਲਾਂ ਵਿਚ ਚੋਣਾਂ ਹੋਣ ਵਾਲੀਆਂ ਹਨ।

ਚੀਫ ਜਸਟਿਸ ਚੰਦਰਚੂੜ 10 ਨਵੰਬਰ ਨੂੰ ਰਿਟਾਇਰ ਹੋਣ ਵਾਲੇ ਹਨ। ਪੂਜਾ ਵੇਲੇ ਦੀ ਵੀਡੀਓ ਵਿਚ ਉਹ ਤੇ ਉਨ੍ਹਾ ਦੀ ਪਤਨੀ ਪ੍ਰਧਾਨ ਮੰਤਰੀ ਨੂੰ ਜੀ ਆਇਆਂ ਆਖਦੇ ਨਜ਼ਰ ਆ ਰਹੇ ਹਨ। ਪ੍ਰਧਾਨ ਮੰਤਰੀ ਨੇ ਖੁਦ ਐੱਕਸ 'ਤੇ ਲਿਖਿਆ—ਚੀਫ ਜਸਟਿਸ ਆਫ ਇੰਡੀਆ ਡੀ ਵਾਈ ਚੰਦਰਚੂੜ ਦੇ ਘਰ ਗਣੇਸ਼ ਪੂਜਾ ਵਿਚ ਸ਼ਾਮਲ ਹੋਇਆ। ਭਗਵਾਨ ਸ੍ਰੀ ਗਣੇਸ਼ ਸਾਨੂੰ ਸਭ ਨੂੰ ਖੁਸ਼ੀ, ਖੁਸ਼ਹਾਲੀ ਤੇ ਚੰਗੀ ਸਿਹਤ ਦਾ ਆਸ਼ੀਰਵਾਦ ਦੇਣ।

ਸੀਨੀਅਰ ਐਡਵੋਕੇਟ ਤੇ ਸਾਬਕਾ ਐਡਵੋਕੇਟ ਜਨਰਲ ਇੰਦਰਾ ਜੈ ਸਿੰਘ ਨੇ ਪ੍ਰਤੀਕਿਰਿਆ ਕੀਤੀ ਹੈ—ਭਾਰਤ ਦੇ ਚੀਫ ਜਸਟਿਸ ਨੇ ਕਾਰਜ ਪਾਲਿਕਾ ਤੇ ਨਿਆਂ ਪਾਲਿਕਾ ਵਿਚਾਲੇ ਸ਼ਕਤੀਆਂ ਦੇ ਵਖਰੇਵੇਂ ਨਾਲ ਸਮਝੌਤਾ ਕੀਤਾ। ਭਾਰਤ ਦੇ ਚੀਫ ਜਸਟਿਸ ਦੀ ਆਜ਼ਾਦੀ ਵਿਚ ਸਾਰਾ ਭਰੋਸਾ ਜਾਂਦਾ ਲੱਗਾ ਹੈ। ਸੁਪਰੀਮ ਕੋਰਟ ਦੀ ਬਾਰ ਐਸੋਸੀਏਸ਼ਨ ਨੂੰ ਚੀਫ ਜਸਟਿਸ ਦੀ ਆਜ਼ਾਦੀ ਦੇ ਕਾਰਜ ਪਾਲਿਕਾ ਨਾਲ ਇਸ ਸਮਝੌਤੇ ਦੇ ਪ੍ਰਤੱਖ ਮੁਜ਼ਾਹਰੇ ਦੀ ਅਵੱਸ਼ ਨਿੰਦਾ ਕਰਨੀ ਚਾਹੀਦੀ ਹੈ।

ਸ਼ਿਵ ਸੈਨਾ (ਯੂ ਬੀ ਟੀ) ਦੇ ਆਗੂ ਸੰਜੇ ਰਾਊਤ ਨੇ ਕਿਹਾ—ਗਣਪਤੀ ਉਤਸਵ ਮਨਾਇਆ ਜਾ ਰਿਹਾ ਹੈ ਤੇ ਲੋਕ ਇਕ-ਦੂਜੇ ਦੇ ਘਰ ਜਾ ਰਹੇ ਹਨ। ਮੈਨੂੰ ਨਹੀਂ ਪਤਾ ਕਿ ਕੀ ਪ੍ਰਧਾਨ ਮੰਤਰੀ ਕਿਸੇ ਦੇ ਘਰ ਗਏ। ਗਣਪਤੀ ਉਤਸਵ ਦਿੱਲੀ ਵਿਚ ਮਹਾਰਾਸ਼ਟਰ ਸਦਨ ਸਣੇ ਕਈ ਥਾਵਾਂ 'ਤੇ ਮਨਾਇਆ ਜਾ ਰਿਹਾ ਹੈ, ਪਰ ਪ੍ਰਧਾਨ ਮੰਤਰੀ ਚੀਫ ਜਸਟਿਸ ਦੇ ਘਰ ਗਏ ਤੇ ਆਰਤੀ ਕੀਤੀ। ਅਸੀਂ ਸਮਝਦੇ ਹਾਂ ਕਿ ਜੇ ਸੰਵਿਧਾਨ ਦੇ ਰਾਖੇ ਸਿਆਸੀ ਆਗੂਆਂ ਨੂੰ ਮਿਲਦੇ ਹਨ ਤਾਂ ਲੋਕ ਸ਼ੱਕ ਕਰਨਗੇ।

ਰਾਊਤ ਨੇ ਮੰਗ ਕੀਤੀ ਕਿ ਚੀਫ ਜਸਟਿਸ ਨੂੰ ਸ਼ਿਵ ਸੈਨਾ ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਵਿਧਾਇਕਾਂ ਨਾਲ ਸੰਬੰਧਤ ਅਯੋਗਤਾ ਪਟੀਸ਼ਨਾਂ ਦੀ ਸੁਣਵਾਈ ਤੋਂ ਖੁਦ ਨੂੰ ਵੱਖ ਕਰ ਲੈਣਾ ਚਾਹੀਦਾ ਹੈ।

ਸੀਨੀਅਰ ਐਡਵੋਕੇਟ ਪ੍ਰਸ਼ਾਂਤ ਭੂਸ਼ਣ ਨੇ ਐੱਕਸ 'ਤੇ ਲਿਖਿਆ ਹੈ—ਇਹ ਜਾਣ ਕੇ ਬਹੁਤ ਧੱਕਾ ਲੱਗਾ

ਕਿ ਚੀਫ ਜਸਟਿਸ ਚੰਦਰਚੂੜ ਨੇ ਮੋਦੀ ਨੂੰ ਨਿੱਜੀ ਮੀਟਿੰਗ ਲਈ ਆਪਣੇ ਘਰ ਆਉਣ ਦੀ ਆਗਿਆ ਦਿੱਤੀ। ਇਸ ਨੇ ਨਿਆਂ ਪਾਲਿਕਾ ਨੂੰ ਬਹੁਤ ਮਾੜਾ ਇਸ਼ਾਰਾ ਦਿੱਤਾ ਹੈ, ਜਿਸ ਦਾ ਕੰਮ ਕਾਰਜ ਪਾਲਿਕਾ ਤੋਂ ਲੋਕਾਂ ਦੇ ਹੱਕਾਂ ਦੀ ਰਾਖੀ ਕਰਨਾ ਤੇ ਇਹ ਯਕੀਨੀ ਬਣਾਉਣਾ ਹੈ ਕਿ ਸਰਕਾਰ ਸੰਵਿਧਾਨ ਦੀਆਂ ਬੰਦਸ਼ਾਂ ਵਿਚ ਰਹਿ ਕੇ ਕੰਮ ਕਰੇ। ਇਸੇ ਕਰਕੇ ਕਾਰਜ ਪਾਲਿਕਾ ਤੇ ਨਿਆਂ ਪਾਲਿਕਾ ਵਿਚਾਲੇ ਫਾਸਲਾ ਹੋਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਦਾ ਨਿੱਜੀ ਸਮਾਗਮ ਲਈ ਚੀਫ ਜਸਟਿਸ ਦੇ ਘਰ ਜਾਣਾ ਇਕਦਮ ਨਾਵਾਜਬ ਹੈ। ਪ੍ਰਧਾਨ ਮੰਤਰੀ ਤੇ ਚੀਫ ਜਸਟਿਸ ਵੱਲੋਂ ਇਕ ਖਾਸ ਧਾਰਮਕ ਸਮਾਰੋਹ ਦਾ ਜਨਤਕ ਮੁਜ਼ਾਹਰਾ ਕਰਨਾ ਵੀ ਠੀਕ ਨਹੀਂ, ਕਿਉਂਕਿ ਸੁਪਰੀਮ ਕੋਰਟ ਨੇ ਸੈਕੂਲਰਿਜ਼ਮ ਦੀ ਰਾਖੀ ਕਰਨੀ ਹੁੰਦੀ ਹੈ। ਮੇਰੇ ਖਿਆਲ ਵਿਚ ਜੱਜਾਂ ਦੇ ਚਲਣ ਜ਼ਾਬਤੇ ਦੀ ਉਲੰਘਣਾ ਕੀਤੀ ਗਈ ਹੈ।

ਆਲ ਇੰਡੀਆ ਲਾਇਰਜ਼ ਯੂਨੀਅਨ ਨੇ ਕਿਹਾ ਹੈ ਕਿ ਇਸ ਨਾਲ ਨਿਆਂ ਪਾਲਿਕਾ ਤੇ ਉਸ ਦੀ ਆਜ਼ਾਦੀ ਵਿਚ ਲੋਕਾਂ ਦੇ ਭਰੋਸੇ ਨੂੰ ਸੱਟ ਵੱਜੀ ਹੈ।

ਤਾਂ ਵੀ ਬਾਰ ਕੌਂਸਲ ਆਫ ਇੰਡੀਆ ਦੇ ਚੇਅਰਮੈਨ ਤੇ ਭਾਜਪਾ ਦੇ ਰਾਜ ਸਭਾ ਮੈਂਬਰ ਮੰਨਣ ਕੁਮਾਰ ਮਿਸ਼ਰਾ ਨੇ ਮੋਦੀ ਦੇ ਚੀਫ ਜਸਟਿਸ ਦੇ ਘਰ ਜਾਣ ਦੀ ਹਮਾਇਤ ਕਰਦਿਆਂ ਕਿਹਾ ਹੈ ਕਿ ਗਣੇਸ਼ ਆਰਤੀ ਸਮਾਜੀ-ਧਾਰਮਕ ਸਮਾਰੋਹ ਹੈ। ਪ੍ਰਧਾਨ ਮੰਤਰੀ ਗਏ, ਪੂਜਾ ਕੀਤੀ ਤੇ ਮੁੜ ਆਏ। ਜੇ ਕਿਸੇ ਹੋਰ ਤਰ੍ਹਾਂ ਦੀ ਮੀਟਿੰਗ ਹੁੰਦੀ ਤਾਂ ਗੁਪਤ ਹੋਣੀ ਸੀ। ਇਸ ਕਰਕੇ ਇਸ ਮੀਟਿੰਗ ਨੂੰ ਭੰਡਣਾ ਠੀਕ ਨਹੀਂ।

ਭਾਜਪਾ ਦੇ ਤਰਜਮਾਨ ਸੰਬਿਤ ਪਾਤਰਾ ਨੇ ਬਕਾਇਦਾ ਪ੍ਰੈੱਸ ਕਾਨਫਰੰਸ ਲਾ ਕੇ ਹੈਰਾਨੀ ਜ਼ਾਹਰ ਕੀਤੀ ਕਿ ਚੀਫ ਜਸਟਿਸ ਦੀ ਰਿਹਾਇਸ਼ ਵਿਖੇ ਇਕ ਧਾਰਮਕ ਸਮਾਰੋਹ 'ਚ ਪ੍ਰਧਾਨ ਮੰਤਰੀ ਦੇ ਸ਼ਾਮਲ ਹੋਣ 'ਤੇ ਵੀ ਕੁਝ ਲੋਕ ਸਿਆਸਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾ ਸਵਾਲ ਕੀਤਾ ਕਿ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਇਫਤਾਰ ਪਾਰਟੀ ਕਰਦੇ ਸਨ ਤਾਂ ਕੀ ਉਸ 'ਚ ਚੀਫ ਜਸਟਿਸ ਨਹੀਂ ਆਉਂਦੇ ਸਨ? ਉਨ੍ਹਾ ਕਿਹਾ—ਜਦੋਂ ਇਫਤਾਰ ਪਾਰਟੀ 'ਚ ਚੀਫ ਜਸਟਿਸ ਅਤੇ ਪ੍ਰਧਾਨ ਮੰਤਰੀ ਬੈਠ ਸਕਦੇ ਹਨ, ਗੱਲਬਾਤ ਕਰ ਸਕਦੇ ਹਨ, ਇਕ ਮੇਜ਼ 'ਤੇ ਬੈਠ ਕੇ ਜਦੋਂ ਦੋਹਾਂ ਦੀ ਗੱਲ ਹੋ ਸਕਦੀ ਹੈ, ਉਹ ਵੀ ਇਕ ਤਿਉਹਾਰ ਹੈ, ਇਹ ਵੀ ਇਕ ਤਿਉਹਾਰ ਹੈ। ਦੋਹਾਂ ਤਿਉਹਾਰਾਂ ਵਿਚਾਲੇ ਇਹ ਫਰਕ ਕਿਉਂ? ਕੁਝ ਮੂਰਖ, ਵਿਕੇ ਹੋਏ, ਅਖੌਤੀ ਸੈਕੂਲਰ ਹਨ, ਜੋ ਇਸ ਤਰ੍ਹਾਂ ਦੀਆਂ ਸ਼ਿਸ਼ਟਾਚਾਰੀ ਮੁਲਾਕਾਤਾਂ 'ਤੇ ਇਤਰਾਜ਼ ਕਰਦੇ ਹਨ, ਪਰ ਇਹ ਮਹਾਨ ਲੋਕਤੰਤਰ ਐਨਾ ਪਰਪੱਕ ਹੈ, ਜੋ ਇਸ ਤਰ੍ਹਾਂ ਦੀਆਂ ਬਚਕਾਨਾ ਗੱਲਾਂ ਨੂੰ ਅਸਵੀਕਾਰ ਕਰਦਾ ਹੈ।

ਕਾਮਰੇਡ ਸੀਤਾ ਰਾਮ ਯੇਚੁਰੀ ਵਿਛੋੜਾ ਦੇ ਗਏ

ਨਵੀਂ ਦਿੱਲੀ : ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ (72) ਦਾ ਵੀਰਵਾਰ ਬਾਅਦ ਦੁਪਹਿਰ ਤਿੰਨ ਵਜੇ ਦੇ ਕਰੀਬ ਦੇਹਾਂਤ ਹੋ ਗਿਆ। ਉਹ ਸਾਹ ਦੀ ਨਲੀ ਦੀ ਲਾਗ ਕਾਰਨ 19 ਅਗਸਤ ਤੋਂ ਏਮਜ਼ 'ਚ ਦਾਖਲ ਸਨ। ਉਨ੍ਹਾ ਦੀ ਹਾਲਤ ਕੁਝ ਦਿਨਾਂ ਤੋਂ ਗੰਭੀਰ ਚੱਲ ਰਹੀ ਸੀ ਤੇ ਮਸ਼ੀਨਾਂ ਰਾਹੀਂ ਸਾਹ ਦਿਵਾਇਆ ਜਾ ਰਿਹਾ ਸੀ।

12 ਅਗਸਤ 1952 ਨੂੰ ਚੇਨਈ ਵਿਚ ਪੈਦਾ ਹੋਏ ਯੇਚੁਰੀ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੋਂ ਇਕਨਾਮਿਕਸ ਦੀ ਐੱਮ ਏ ਕੀਤੀ ਤੇ ਯੂਨੀਵਰਸਿਟੀ ਦੀ ਸਟੂਡੈਂਟਸ ਯੂਨੀਅਨ ਦੇ ਤਿੰਨ ਵਾਰ ਪ੍ਰਧਾਨ ਰਹੇ। ਉਨ੍ਹਾ ਪੀ ਐੱਚ ਡੀ ਵਿਚ ਦਾਖਲਾ ਲਿਆ ਸੀ, ਪਰ 1975 ਦੀ ਐਮਰਜੈਂਸੀ ਕਾਰਨ ਪੂਰੀ ਨਹੀਂ ਕਰ ਸਕੇ। ਉਹ 1974 ਵਿਚ ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ ਵਿਚ ਸ਼ਾਮਲ ਹੋਏ ਤੇ 1975 ਵਿਚ ਮਾਰਕਸੀ ਪਾਰਟੀ 'ਚ। ਉਹ 1984 ਵਿਚ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਬਣੇ। 1992 ਵਿਚ ਚੌਦਵੀਂ ਪਾਰਟੀ ਕਾਂਗਰਸ 'ਚ ਪੋਲਿਟ ਬਿਊਰੋ ਦੇ ਮੈਂਬਰ ਚੁਣੇ ਗਏ। 2005 ਵਿਚ ਪੱਛਮੀ ਬੰਗਾਲ ਤੋਂ ਰਾਜ ਸਭਾ ਲਈ ਚੁਣੇ ਗਏ। 2015 ਵਿਚ ਪਹਿਲੀ ਵਾਰ, 2018 ਵਿਚ ਦੂਜੀ ਵਾਰ ਤੇ 2022 ਵਿਚ ਤੀਜੀ ਵਾਰ ਪਾਰਟੀ ਦੇ ਜਨਰਲ ਸਕੱਤਰ ਚੁਣੇ ਗਏ। ਉਨ੍ਹਾ ਨੂੰ 2017 ਵਿਚ ਸਰਵੋਤਮ ਸਾਂਸਦ ਦਾ ਪੁਰਸਕਾਰ ਦਿੱਤਾ ਗਿਆ।

ਯੇਚੁਰੀ ਦੀ ਪਤਨੀ ਸੀਮਾ ਚਿਸ਼ਤੀ 'ਦੀ ਵਾਇਰ' ਦੀ ਐਡੀਟਰ ਹੈ। ਯੇਚੁਰੀ ਨੇ ਇਕ ਇੰਟਰਵਿਊ ਵਿਚ ਕਿਹਾ ਸੀ ਕਿ ਘਰ ਦਾ ਗੁਜ਼ਾਰਾ ਪਤਨੀ ਹੀ ਕਰਦੀ ਹੈ। ਯੇਚੁਰੀ ਦਾ ਪਹਿਲਾ ਵਿਆਹ ਵੀਨਾ ਮਜੂਮਦਾਰ ਦੀ ਬੇਟੀ ਇੰਦਰਾਣੀ ਮਜੂਮਦਾਰ ਨਾਲ ਹੋਇਆ ਸੀ।

ਰਾਹੁਲ ਗਾਂਧੀ ਨੇ ਕਿਹਾ ਕਿ ਯੇਚੁਰੀ ਉਨ੍ਹਾ ਦੇ ਚੰਗੇ ਦੋਸਤ ਸਨ। ਉਹ ਭਾਰਤ ਦੇ ਵਿਚਾਰ ਦੇ ਸੱਚੇ ਰਾਖੇ ਤੇ ਦੇਸ਼ ਦੀ ਚੰਗੀ ਸਮਝ ਰੱਖਦੇ ਸਨ। ਮਮਤਾ ਬੈਨਰਜੀ ਨੇ ਕਿਹਾ ਕਿ ਦੇਹਾਂਤ ਦੀ ਖਬਰ ਸੁਣ ਕੇ ਬਹੁਤ ਦੁੱਖ ਹੋਇਆ। ਯੇਚੁਰੀ ਤਜਰਬੇਕਾਰ ਸਾਂਸਦ ਸਨ ਤੇ ਉਨ੍ਹਾ ਦਾ ਜਾਣਾ ਕੌਮੀ ਸਿਆਸਤ ਲਈ ਵੱਡਾ ਨੁਕਸਾਨ ਹੈ।

ਸ਼ਰਦ ਪਵਾਰ ਨੇ ਕਿਹਾ ਕਿ ਯੇਚੁਰੀ ਨੂੰ ਖੱਬੀਆਂ ਪਾਰਟੀਆਂ ਦੀ ਇਕ ਅਹਿਮ ਆਵਾਜ਼ ਵਜੋਂ ਸਦਾ ਯਾਦ ਰੱਖਿਆ ਜਾਵੇਗਾ। ਮਾਇਆਵਤੀ ਨੇ ਕਿਹਾ ਕਿ ਬਹੁਤ ਦੁੱਖ ਪੁੱਜਾ ਹੈ। ਯੇਚੁਰੀ ਨਿਪੁੰਨ ਸਾਂਸਦ ਤੇ ਮਿਲਣ-ਗਿਲਣ ਵਾਲੇ ਇਨਸਾਨ ਸਨ। ਆਪ ਦੇ ਆਗੂ ਸੰਜੇ ਸਿੰਘ ਨੇ ਕਿਹਾ ਕਿ ਯੇਚੁਰੀ ਫਿਰਕਾਪ੍ਰਸਤੀ ਖਿਲਾਫ ਹਰੇਕ ਨੂੰ ਲਾਮਬੰਦ ਕਰਨ ਵਾਲੇ ਸਰਕਰਦਾ ਆਗੂ ਸਨ।

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੇ

ਬਾਸੂ ਨੇ ਇਹ ਕਿਹਾ ਸੀ...

ਯੇਚੁਰੀ ਪੱਛਮੀ ਬੰਗਾਲ ਦੇ ਵੇਲੇ ਦੇ ਮੁੱਖ ਮੰਤਰੀ ਜਿਓਤੀ ਬਾਸੂ ਨਾਲ 1989 ਵਿਚ ਜਦੋਂ ਨੇਪਾਲ ਗਏ ਤਾਂ ਉਨ੍ਹਾ ਬਾਸੂ ਨੂੰ ਕਿਹਾ ਕਿ ਤੁਸੀਂ ਪਸ਼ੂਪਤੀ ਨਾਥ ਮੰਦਰ ਜਾਣ ਤੋਂ ਮਨ੍ਹਾਂ ਕਿਉਂ ਨਹੀਂ ਕੀਤਾ। ਬਾਸੂ ਨੇ ਕਿਹਾ—ਭਾਰਤ ਵਿਚ ਹਰ ਵਿਦੇਸ਼ੀ ਸਰਕਾਰੀ ਪ੍ਰਾਹੁਣੇ ਨੂੰ ਰਾਜਘਾਟ ਲਿਜਾਇਆ ਜਾਂਦਾ ਹੈ, ਭਾਵੇਂ ਉਹ ਮਹਾਤਮਾ ਗਾਂਧੀ ਨਾਲ ਸਹਿਮਤ ਹੋਵੇ ਜਾਂ ਨਾ। ਉਸੇ ਤਰ੍ਹਾਂ ਭਾਵੇਂ ਉਹ ਨਾਸਤਕ ਹਨ, ਪਰ ਪਸ਼ੂਪਤੀ ਨਾਥ ਮੰਦਰ ਜਾਣਾ ਜ਼ਰੂਰੀ ਹੈ। ਇਸੇ ਤਰ੍ਹਾਂ ਚੀਨ ਦੌਰੇ ਵੇਲੇ ਬਾਸੂ ਨੇ ਯੇਚੁਰੀ ਨੂੰ ਕਿਹਾ ਕਿ ਤੂੰ ਬੜਾ ਖਤਰਨਾਕ ਬੰਦਾ ਐਂ। ਪੁੱਛਣ 'ਤੇ ਬਾਸੂ ਨੇ ਕਿਹਾ—ਸਾਡੇ ਵਿੱਚੋਂ ਕਿਸੇ ਨੂੰ ਨਹੀਂ ਪਤਾ ਕਿ ਤੂੰ ਕਿਸ ਨੂੰ ਕੀ ਪੱਟੀ ਪੜ੍ਹਾ ਰਿਹਾ ਹੈਂ। ਤੂੰ ਸੁਰਜੀਤ ਨਾਲ ਹਿੰਦੀ ਵਿਚ, ਬਾਸਵਾਪੁਨੱਈਆ ਨਾਲ ਤੇਲਗੂ ਵਿਚ, ਬਾਲਾਨੰਦਨ ਨਾਲ ਤਾਮਿਲ ਵਿਚ ਤੇ ਮੇਰੇ ਨਾਲ ਬੰਗਾਲੀ ਵਿਚ ਗੱਲ ਕਰਦਾ ਐਂ।

ਕਾਮਰੇਡ ਯੇਚੁਰੀ ਦੀ ਮੌਤ 'ਤੇ ਗਹਿਰਾ ਅਫ਼ਸੋਸ ਪ੍ਰਗਟ ਕਰਦਿਆਂ ਸ਼ੋਕ ਸਭਾ ਕੀਤੀ। ਉਹ ਲੰਮਾ ਸਮਾਂ ਪਾਰਲੀਮੈਂਟ ਦੇ ਮੈਂਬਰ ਰਹੇ ਸਨ। ਉਨ੍ਹਾ ਪੜ੍ਹਾਈ ਪੂਰੀ ਕਰਨ ਉਪਰੰਤ ਸਾਰੀ ਜ਼ਿੰਦਗੀ ਪਾਰਟੀ ਨੂੰ ਸੌਂਪ ਦਿੱਤੀ ਸੀ ਅਤੇ ਆਖ਼ਰੀ ਸਾਹਾਂ ਤੱਕ ਪਾਰਟੀ ਸਮਝ ਨੂੰ ਨਿਭਾਇਆ। ਸ਼ੋਕ ਸਭਾ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਵਿੱਤ ਸਕੱਤਰ ਇੰਜ. ਸੀਤਲ ਸਿੰਘ ਸੰਘਾ, ਕਮੇਟੀ ਦੇ ਟਰੱਸਟੀ ਗੁਰਮੀਤ ਅਤੇ ਕਮੇਟੀ ਮੈਂਬਰ ਡਾ. ਸੈਲੇਸ਼ ਵੀ ਹਾਜ਼ਰ ਸਨ।

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਨੇ ਕਾਮਰੇਡ ਯੇਚੁਰੀ ਦੇ ਬੇਵਕਤੀ ਵਿਛੋੜੇ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ। ਪਾਰਟੀ ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ, ਕੇਂਦਰੀ ਸਟੈਂਡਿੰਗ ਕਮੇਟੀ ਦੇ ਮੈਂਬਰ ਹਰਕੰਵਲ ਸਿੰਘ, ਪੰਜਾਬ ਰਾਜ ਕਮੇਟੀ ਦੇ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਭਾਰਤ ਦੀ ਕਮਿਊਨਿਸਟ ਲਹਿਰ ਦੀ ਇਸ ਵਿਸ਼ਾਲ ਸ਼ਖਸੀਅਤ ਨੂੰ ਕ੍ਰਾਂਤੀਕਾਰੀ ● ਬਾਕੀ ਸਫ਼ਾ 2 'ਤੇ

ਫੈਸਲਾ ਅੱਜ

ਨਵੀਂ ਦਿੱਲੀ : ਆਬਕਾਰੀ ਨੀਤੀ 'ਚ ਕਥਿਤ ਘਪਲੇ ਨਾਲ ਸੰਬੰਧਤ ਸੀ ਬੀ ਆਈ ਮਾਮਲੇ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਜ਼ਮਾਨਤ 'ਤੇ ਸੁਪਰੀਮ ਕੋਰਟ 13 ਸਤੰਬਰ ਨੂੰ ਫੈਸਲਾ ਸੁਣਾਏਗੀ।

ਭਾਰਤ ਦੀ ਲਗਾਤਾਰ ਚੌਥੀ ਜਿੱਤ, ਦੱਖਣੀ ਕੋਰੀਆ ਨੂੰ 3-1 ਨਾਲ ਹਰਾਇਆ

ਹੁਲੁਨਬੂਈਰ (ਚੀਨ) : ਭਾਰਤ ਨੇ ਵੀਰਵਾਰ ਇੱਥੇ ਹੀਰੋ ਚੈਂਪੀਅਨਜ਼ ਟਰਾਫੀ ਹਾਕੀ ਟੂਰਨਾਮੈਂਟ 'ਚ ਦੱਖਣੀ ਕੋਰੀਆ ਨੂੰ 3-1 ਨਾਲ ਹਰਾ ਕੇ ਲਗਾਤਾਰ ਚੌਥੀ ਜਿੱਤ ਦਰਜ ਕੀਤੀ। ਪੈਰਿਸ ਉਲੰਪਿਕ ਦੀ ਕਾਂਸੀ ਤਮਗਾ ਜੇਤੂ ਭਾਰਤੀ ਟੀਮ ਨੇ ਪਿਛਲੇ ਤਿੰਨ ਮੈਚਾਂ 'ਚ ਚੀਨ ਨੂੰ 3-0, ਜਾਪਾਨ ਨੂੰ 5-0 ਅਤੇ ਪਿਛਲੇ ਸਾਲ ਦੇ ਰਨਰਜ਼ਅੱਪ ਮਲੇਸ਼ੀਆ ਨੂੰ 8-1 ਨਾਲ ਹਰਾਇਆ ਸੀ। ਚੌਥੇ ਮੈਚ 'ਚ ਅਰਾਈਜੀਤ ਸਿੰਘ ਹੁੰਦਲ ਨੇ 8ਵੇਂ ਅਤੇ ਕਪਤਾਨ ਹਰਮਨਪ੍ਰੀਤ ਸਿੰਘ ਨੇ 9ਵੇਂ ਤੇ 43ਵੇਂ ਮਿੰਟ 'ਚ ਗੋਲ ਕੀਤੇ। ਕੋਰੀਆ ਵੱਲੋਂ ਇੱਕੋ-ਇੱਕ ਗੋਲ ਜਿਹੂਨ ਯਾਂਗ ਨੇ 30ਵੇਂ ਮਿੰਟ 'ਚ ਪੈਨਲਟੀ ਕਾਰਨਰ ਰਾਹੀਂ ਕੀਤਾ। ਪਹਿਲਾਂ ਹੀ ਸੈਮੀ ਫਾਈਨਲ 'ਚ ਥਾਂ ਪੱਕੀ ਕਰ ਚੁੱਕੀ ਭਾਰਤੀ ਟੀਮ ਆਖਰੀ ਲੀਗ ਮੈਚ 'ਚ ਸਨਿੱਚਰਵਾਰ ਨੂੰ ਰਵਾਇਤੀ ਵਿਰੋਧੀ ਪਾਕਿਸਤਾਨ ਦੀ ਟੀਮ ਨਾਲ ਖੇਡੇਗੀ। ਛੇ ਟੀਮਾਂ ਦੇ ਇਸ ਟੂਰਨਾਮੈਂਟ 'ਚ ਲੀਗ ਪੜਾਅ ਦੀਆਂ ਸਿਖਰਲੀਆਂ ਚਾਰ ਟੀਮਾਂ ਸੈਮੀ ਫਾਈਨਲ ਲਈ ਕੁਆਲੀਫਾਈ ਕਰਨਗੀਆਂ।

ਮਾਂਡਿਆ ਹਿੰਸਾ ਤੋਂ ਬਾਅਦ 46 ਗ੍ਰਿਫ਼ਤਾਰ

ਮਾਂਡਿਆ : ਕਰਨਾਟਕ ਦੇ ਮਾਂਡਿਆ 'ਚ ਗਣੇਸ਼ ਦੀ ਮੂਰਤੀ ਦੀ ਸ਼ੋਭਾ ਯਾਤਰਾ ਦੌਰਾਨ ਭੜਕੀ ਹਿੰਸਾ ਤੋਂ ਬਾਅਦ ਪੁਲਸ ਨੇ 46 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਬੁੱਧਵਾਰ ਦੇਰ ਰਾਤ ਇੱਥੇ ਨਾਗਮੰਗਲਾ ਕਸਬੇ 'ਚ ਤਣਾਅ ਫੈਲ ਗਿਆ, ਜਿਸ ਦੌਰਾਨ ਦੋ ਪੁਲਸ ਮੁਲਾਜ਼ਮਾਂ ਸਣੇ ਕੁਝ ਲੋਕ ਪਥਰਾਅ 'ਚ ਮਾਮੂਲੀ ਜ਼ਖਮੀ ਹੋ ਗਏ। ਪੁਲਸ ਨੇ ਦੱਸਿਆ ਕਿ ਜਦੋਂ ਬਦਰੀਕੋਪੁਲ ਪਿੰਡ ਤੋਂ ਸ਼ਰਧਾਲੂ ਸ਼

13-SEP-PAGE-1.qxd 9/12/2024 10:54 PM Page 2

ਬੀ ਕੇ ਯੂ ਏਕਤਾ ਉਗਰਾਹਾਂ ਦੇ ਆਗੂ ਗੁਰਭਗਤ ਸਿੰਘ ਦਾ ਦਿਹਾਂਤ

ਚੀਮਾ ਮੰਡੀ (ਰਵਿੰਦਰ ਚੀਮਾ)-ਕਸਬੇ ਦੇ ਨਜ਼ਦੀਕੀ ਪਿੰਡ ਸ਼ਾਹਪੁਰ ਕਲਾਂ ਦੇ ਸੀਨੀਅਰ ਕਿਸਾਨ ਆਗੂ ਸ੍ਰ. ਗੁਰਭਗਤ ਸਿੰਘ ਬੀਤੀ 10 ਸਤੰਬਰ ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦਿਆਂ ਵਾਹਿਗੁਰੂ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ।ਸ੍ਰ. ਗੁਰਭਗਤ ਸਿੰਘ ਪਿਛਲੇ ਵੀਹ ਸਾਲ ਤੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵਿੱਚ ਬਤੌਰ ਕਿਸਾਨ ਆਗੂ ਕੰਮ ਕਰਦੇ ਰਹੇ ਸਨ। ਉਨ੍ਹਾਂ ਵੱਲੋਂ ਕਿਸਾਨ ਮਜ਼ਦੂਰਾਂ ਦੇ ਹੱਕਾਂ ਦੀ ਲੜਾਈ ਹਮੇਸ਼ਾ ਮੂਹਰਲੀ ਕਤਾਰ 'ਚ ਖੜ ਕੇ ਲੜੀ ਜਾਂਦੀ ਸੀ ਤੇ ਉਹ ਹਮੇਸ਼ਾ ਲੋਕ ਹਿੱਤਾਂ ਦੇ ਨਾਲ ਕਿਸਾਨ ਮਜ਼ਦੂਰਾਂ ਦੇ ਹੱਕਾਂ ਦੀ ਪਹਿਰੇਦਾਰੀ ਕਰਦੇ ਸਨ ਤੇ ਸੁਭਾਅ ਪੱਖੋਂ ਬਹੁਤ ਹੀ ਮਿਲਣਸਾਰ ਤੇ ਸ਼ਾਂਤ ਸੁਭਾਅ ਦੇ ਮਾਲਕ ਸਨ।ਸ੍ਰ. ਗੁਰਭਗਤ ਸਿੰਘ ਦਾ ਅੰਤਿਮ ਸੰਸਕਾਰ ਸ਼ਾਹਪੁਰ ਕਲਾਂ ਦੇ ਸ਼ਮਸ਼ਾਨਘਾਟ ਵਿਖੇ ਕਰ ਦਿੱਤਾ ਗਿਆ ਤੇ ਉਨ੍ਹਾਂ ਦੀ ਚਿਤਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਜਗਤਾਰ ਸਿੰਘ ਵੱਲੋਂ ਦਿੱਤੀ ਗਈ ਤੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਸੀਨੀਅਰ ਆਗੂਆਂ ਤੇ ਕਿਸਾਨਾਂ ਨੇ ਉਨ੍ਹਾਂ ਦੀ ਅਰਥੀ 'ਤੇ ਕਿਰਸਾਨੀ ਝੰਡਾ ਪਾ ਕੇ ਰੰਗਲੇ ਸਾਥੀ ਨੂੰ ਸ਼ਰਧਾ ਤੇ ਸਤਿਕਾਰ ਨਾਲ ਵਿਦਾਗਈ ਦਿੱਤੀ।

ਰਾਧਾ ਅਸ਼ਟਮੀ ਮੌਕੇ ਗਰਗ ਪਰਵਾਰ ਸਨਮਾਨਤ

ਬਾਘਾ ਪੁਰਾਣਾ (ਮਨੀ ਸਿੰਗਲਾ)-ਸ੍ਰੀ ਗਣਪਤੀ ਸੇਵਾ ਮੰਡਲ ਬਾਘਾ ਪੁਰਾਣਾ ਵੱਲੋਂ ਕਰਵਾਏ ਗਏ ਗਣੇਸ਼ ਉਤਸਵ ਤੇ ਪ੍ਰਾਚੀਨ ਸ੍ਰੀ ਸ਼ਿਵ ਸ਼ਨੀ ਮੰਦਰ ਕਮੇਟੀ ਦੇ ਪ੍ਰਧਾਨ ਰਾਜ ਕੁਮਾਰ ਗਰਗ ਤੇ ਉਨ੍ਹਾਂ ਦੇ ਪਰਵਾਰ ਵੱਲੋਂ ਸ੍ਰੀ ਰਾਧਾ ਅਸ਼ਟਮੀ ਮੌਕੇ ਗਨੇਸ਼ ਪੂਜਨ ਕਰਵਾਈਆ ਗਿਆ ਤੇ ਸ੍ਰੀ ਗਣਪਤੀ ਸੇਵਾ ਮੰਡਲ ਦੇ ਮੈਂਬਰਾਂ ਵੱਲੋਂ ਰਾਜ ਕੁਮਾਰ ਗਰਗ ਤੇ ਉਨ੍ਹਾਂ ਦੇ ਪਰਵਾਰ ਨੂੰ ਸਨਮਾਨਤ ਕੀਤਾ ਗਿਆ। ਰਾਜ ਕੁਮਾਰ ਗਰਗ ਨੇ ਕਿਹਾ ਕਿ ਹਰ ਸਾਲ ਨੌਜਵਾਨ ਬੜੇ ਹੀ ਉਤਸ਼ਾਹ ਨਾਲ ਗਨੇਸ਼ ਉਤਸਵ ਮਨਾਉਂਦੇ ਹਨ ਤੇ ਇਸ ਸਾਲ ਵੀ ਗਨੇਸ਼ ਉਤਸਵ ਬਹੁਤ ਹੀ ਧੂਮ ਧਾਮ ਨਾਲ ਸੁਭਾਸ਼ ਮੰਡੀ ਵਿਖੇ ਮਨਾਇਆ ਜਾ ਰਿਹਾ ਹੈ, ਜਿੱਥੇ ਕਿ ਸ਼ਹਿਰ ਦੀਆਂ ਧਾਰਮਿਕ ਸੰਸਥਾਵਾਂ ਰਲ ਮਿਲ ਰੋਜ਼ਾਨਾ ਦੀ ਤਰ੍ਹਾਂ ਰਾਤ 8 ਵਜੇ ਤੋਂ ਲੈ ਕੇ 9:30 ਵਜੇ ਤੱਕ ਸ੍ਰੀ ਗਨੇਸ਼ ਜੀ ਦੇ ਭਜਨ ਗਾਇਨ ਕੀਤੇ ਜਾਦੇ ਹਨ ਤੇ ਨੱਚ ਕੇ ਖੁਸ਼ੀ ਮਨਾਉਂਦੇ ਹਨ।ਇਸ ਮੌਕੇ ਪ੍ਰਧਾਨ ਸੁਖਜੀਵਨ ਸਿੰਘ ਭਗਤੂ, ਰਕੇਸ਼ ਬਾਂਸਲ ਰੈਂਪੀ, ਸੈਕਟਰੀ ਮਦਰ ਗਰਗ, ਮਨੀਸ਼ ਗਰਗ, ਮਿਲਨ ਗਰਗ, ਗੌਤਮ ਬਾਂਸਲ, ਅਮਿਤ ਗੋਇਲ, ਅਮਿਤ ਗਰਗ ਤੇ ਹੋਰ ਹਾਜ਼ਰ ਸਨ।

'ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਵਿੱਢਿਆ ਜਾਵੇਗਾ ਸੰਘਰਸ਼'

ਲੁਧਿਆਣਾ (ਐੱਮ ਐੱਸ ਭਾਟੀਆ)-ਸਟੂਡੈਂਟ ਹੋਮ ਵਿਖੇ ਪੀ ਏ ਯੂ ਪੈਨਸ਼ਨਰ ਤੇ ਫਰਾਈਜ਼ ਵੈਲਫੇਅਰ ਐਸੋਸੀਏਸ਼ਨ ਦੀ ਜਨਰਲ ਬਾਡੀ ਮੀਟਿੰਗ ਹੋਈ।ਪ੍ਰਧਾਨ ਪਰਮਜੀਤ ਸਿੰਘ ਗਿੱਲ ਦੀ ਅਗਵਾਈ ਹੇਠ ਸਾਰੀ ਕਾਰਵਾਈ ਚਲਾਈ ਗਈ।ਮੀਟਿੰਗ ਵਿੱਚ ਸੇਵਾ ਮੁਕਤ ਸਾਥੀਆਂ ਦੀਆਂ ਸਮੱਸਿਆਵਾਂ ਦਾ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਗਿਆ।ਪੁਰਾਣੇ ਬਕਾਏ ਜਿਵੇਂ ਲੀਵਇਨਕੈਸ਼ਮੈਂਟ, ਗਰੈਚੂਟੀ, ਐੱਲ ਟੀ ਏ ਜੁਲਾਈ 2024 ਦਾ, ਮੈਡੀਕਲ ਬਿਲਾਂ ਦੀ ਅਦਾਇਗੀ ਜਲਦੀ ਤੋਂ ਜਲਦੀ ਦੇਣ ਦੀ ਮੰਗ ਕੀਤੀ ਗਈ। ਆਗੂਆਂ ਨੇ ਕਿਹਾ ਕਿ ਜੇ ਪੀ ਏ ਯੂ ਮੈਨੇਜਮੈਂਟ ਤੇ ਪੰਜਾਬ ਸਰਕਾਰ ਵੱਲੋਂ ਕੋਈ ਪ੍ਰਬੰਧ ਨਹੀਂ ਕੀਤਾ ਜਾਂਦਾ ਤਾਂ ਐਸੋਸੀਏਸ਼ਨ ਵੱਲੋਂ ਸੰਘਰਸ਼ ਵਿੱਢਣ ਲਈ ਮਜਬੂਰ ਹੋਣਾ ਪਵੇਗਾ।ਕਾਮਰੇਡ ਜੋਗਿੰਦਰ ਰਾਮ ਜਨਰਲ ਸਕੱਤਰ, ਜੈ ਪਾਲ ਸਿੰਘ, ਕੁਲਦੀਪ ਸਿੰਘ, ਪਰਮਜੀਤ ਸਿੰਘ ਗਿੱਲ, ਦਰਸ਼ਨ ਸਿੰਘ, ਸਤਨਾਮ ਸਿੰਘ ਆਦਿ ਨੇ ਸੰਬੋਧਨ ਕੀਤਾ।ਪ੍ਰਧਾਨ ਪਰਮਜੀਤ ਸਿੰਘ ਗਿੱਲ ਨੇ ਆਏ ਸਾਥੀਆਂ ਦਾ ਧੰਨਵਾਦ ਕੀਤਾ।

ਬਰੌਡਵੇ ਸਕੂਲ 'ਚ ਨਿਊਟ੍ਰੀਸ਼ਨ ਹਫ਼ਤੇ ਮੌਕੇ ਕਰਾਈਆਂ ਗਤੀਵਿਧੀਆਂ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਨਾਮਵਰ ਵਿੱਦਿਅਕ ਸੰਸਥਾ ਬਰੌਡਵੇ ਪਬਲਿਕ ਸਕੂਲ, ਮਨਾਲ ਵਿਖੇ ਸਾਇੰਸ ਵਿਭਾਗ ਵੱਲੋਂ ਨਿਊਟ੍ਰੀਸ਼ਨ ਹਫ਼ਤੇ ਮੌਕੇ ਵੱਖ-ਵੱਖ ਸ਼੍ਰੇਣੀਆਂ ਲਈ ਅੱਡ-ਅੱਡ ਗਤੀਵਿਧੀਆਂ ਕਰਵਾਈਆਂ ਗਈਆਂ।ਸੱਤਵੀਂ ਤੇ ਅੱਠਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ (ਗਰੇਨ ਆਰਟ) ਗਤੀ ਵਿਧੀ ਚੋਣਵੇਂ ਸਮੂਹਾਂ ਵਿੱਚ ਕਰਵਾਈ ਗਈ।ਇਸ ਗਤੀ ਵਿਧੀ 'ਚ ਹਰੇਕ ਸ਼੍ਰੇਣੀ ਦੇ ਸਮੂਹ ਨੇ ਆਪਣੀ ਕਲਾ ਦਾ ਜੌਹਰ ਵਿਖਾਉਂਦੇ ਹੋਏ ਅਨਾਜਾਂ ਰਾਹੀਂ ਸੁੰਦਰ ਸਜਾਵਟ ਦੇ ਨਮੂਨੇ ਬਣਾਏ, ਜਿਸ ਵਿੱਚੋਂ ਸੱਤਵੀਂ-ਡੀ ਤੇ ਅੱਠਵੀਂ-ਯੂ ਸ਼੍ਰੇਣੀ ਦੇ ਸਮੂਹ ਨੇ ਪਹਿਲਾ ਦਰਜਾ ਹਾਸਲ ਕੀਤਾ।ਇਸੇ ਤਰ੍ਹਾਂ ਹੀ ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਲਈ ਹੈਲਦੀ ਰੈਸਟੋਰੈਂਟ ਗਤੀਵਿਧੀ ਦਾ ਆਯੋਜਨ ਕੀਤਾ ਗਿਆ।ਵਿਭਾਗ ਮੁਖੀ ਸ੍ਰ. ਜਤਿੰਦਰ ਸਿੰਘ ਸਾਹੀ ਤੇ ਗਤੀਵਿਧੀ ਇੰਚਾਰਜ ਮੈਡਮ ਹਰਪ੍ਰੀਤ ਕੌਰ ਚਹਿਲ ਦੀ ਮਿਹਨਤ ਸਦਕਾ ਇਹ ਗਤੀਵਿਧੀ ਬਹੁਤ ਹੀ ਸੁਚੱਜੇ ਢੰਗ ਨਾਲ ਨੇਪਰੇ ਚੜ੍ਹੀ।ਇਨ੍ਹਾਂ ਸ਼੍ਰੇਣੀਆਂ ਦੇ ਚੋਣਵੇਂ ਸਮੂਹਾਂ ਨੇ ਬਿਨਾਂ ਅੱਗ ਤੋਂ ਭੋਜਨ ਤਿਆਰ ਕਰਕੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ।ਇਸ ਗਤੀਵਿਧੀ ਵਿੱਚੋਂ ਨੌਵੀਂ-ਡੀ ਤੇ ਵੀ ਸ਼੍ਰੇਣੀ, ਦਸਵੀਂ-ਯੂ ਸ਼੍ਰੇਣੀ, ਗਿਆਰਵੀਂ ਡੀ ਸ਼੍ਰੇਣੀ ਤੇ ਬਾਰ ?ਵੀ ਕਾਮਰਸ ਏ ਸ਼੍ਰੇਣੀ ਦੇ ਸਮੂਹ ਨੇ ਪਹਿਲਾ ਦਰਜਾ ਹਾਸਲ ਕੀਤਾ।ਸਕੂਲ ਚੇਅਰਮੈਨ ਰਣਜੀਤ ਸਿੰਘ ਚੀਮਾ, ਡਾਇਰੈਕਟਰ ਸ੍ਰੀਮਤੀ ਨਵਰੀਤ ਕੌਰ ਚੀਮਾ, ਪ੍ਰਿੰਸੀਪਲ ਮੁਹੰਮਦ ਆਰਿਫ਼ ਸੈਫ਼ੀ, ਵਿਭਾਗ ਮੁਖੀ ਜਤਿੰਦਰ ਸਿੰਘ ਸਾਹੀ ਨੇ ਜੇਤੂ ਸਮੂਹਾਂ ਨੂੰ ਯਾਦਗਾਰੀ ਚਿੰਨ੍ਹ, ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।

ਜਸਵੀਰ ਕੌਰ ਨੂੰ ਬੈੱਸਟ ਟੀਚਰ ਐਵਾਰਡ

ਅਜੀਤਵਾਲ (ਨਛੱਤਰ ਸੰਧੂ)-ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਦੇ ਅਧਿਆਪਕਾ ਜਸਵੀਰ ਕੌਰ ਨੂੰ ਮੋਗਾ ਸਹੋਦਿਆ ਸਕੂਲ ਵੱਲੋਂ ਕਰਵਾਏ ਗਏ ਬੈਸਟ ਟੀਚਰ ਐਵਾਰਡ ਵਿੱਚ ਸਨਮਾਨਤ ਕੀਤਾ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨਾਂ ਦੇ ਸਵਾਗਤ ਦੇ ਨਾਲ ਜੋਤੀ ਪ੍ਰਚੰਡ ਕਰਕੇ ਕੀਤੀ ਗਈ।ਪ੍ਰਿੰਸੀਪਲ ਡਾ: ਹਮੀਲੀਆ ਰਾਣੀ ਨੇ ਸਾਰੇ ਆਏ ਹੋਏ ਮਹਿਮਾਨਾਂ ਦਾ ਪ੍ਰਿੰਸੀਪਲ ਤੇ ਅਧਿਆਪਕਾਂ ਦਾ ਇਸ ਪ੍ਰੋਗਰਾਮ 'ਚ ਪੁੱਜਣ 'ਤੇ ਸਵਾਗਤ ਕੀਤਾ।ਹੋਲੀ ਹਾਰਟ ਸਕੂਲ ਦੇ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸੀ ਗੁਲੇਰੀਆ ਨੇ ਅਧਿਆਪਿਕਾ ਜਸਵੀਰ ਕੌਰ ਨੂੰ ਬੈਸਟ ਟੀਚਰ ਐਵਾਰਡ ਦੀ ਵਧਾਈ ਦਿੱਤੀ।ਇਸ ਮੌਕੇ ਸਕੂਲ ਸਟਾਫ ਹਾਜ਼ਰ ਸੀ।

ਸ਼ਿਵਾਲਿਕ ਕਿਡਜ਼ ਸਕੂਲ ਦੇ ਵਿਦਿਆਰਥੀਆਂ ਦਾ ਨੈਤਿਕ ਸਿੱਖਿਆ ਪ੍ਰੀਖਿਆ 'ਚ ਸ਼ਾਨਦਾਰ ਪ੍ਰਦਰਸ਼ਨ

ਜੈਤੋ (ਸਤੀਸ਼ ਕੁਮਾਰ ਭੀਗੀ)-ਜ਼ਿਲ੍ਹਾ ਪੱਧਰੀ ਨੈਤਿਕ ਸਿੱਖਿਆ ਪ੍ਰੀਖਿਆ ਵਿੱਚ ਸ਼ਿਵਾਲਿਕ ਕਿਡਜ਼ ਸਕੂਲ ਜੈਤੋ ਦੇ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ।ਇਸ ਪ੍ਰੀਖਿਆ ਵਿੱਚ ਸਾਰੇ ਵਿਦਿਆਰਥੀਆਂ ਨੇ ਚੰਗੇ ਅੰਕ ਪ੍ਰਾਪਤ ਕੀਤੇ।ਅੱਠਵੀਂ ਜਮਾਤ ਦੀ ਵਿਦਿਆਰਥਣ ਮਾਨਿਆ ਨੇ ਨੈਤਿਕ ਸਿੱਖਿਆ ਪ੍ਰੀਖਿਆ (ਦੂਸਰੀ ਜਮਾਤ) ਵਿੱਚ ਜ਼ਿਲ੍ਹਾ ਪੱਧਰ 'ਤੇ ਪਹਿਲਾ ਸਥਾਨ ਹਾਸਲ ਕੀਤਾ ਤੇ ਇਸ ਦੇ ਨਾਲ ਹੀ ਅੱਠਵੀਂ ਜਮਾਤ ਦੀ ਵਿਦਿਆਰਥਣ ਕੁਸ਼ਮੀਤ ਕੌਰ ਵੀ ਮੈਰਿਟ ਸੂਚੀ ਵਿੱਚ ਆਈ ਹੈ।ਨੈਤਿਕ ਸਿੱਖਿਆ (ਪਹਿਲਾ ਦਰਜਾ) ਦੀ ਪ੍ਰੀਖਿਆ ਵਿੱਚ ਪੰਜਵੀਂ ਜਮਾਤ ਦੇ ਵੈਭਵ ਜਿੰਦਲ ਨੇ ਪਹਿਲਾ, ਪੰਜਵੀਂ ਜਮਾਤ ਦੇ ਅੰਮ੍ਰਿਤਰਾਜ ਸਿੰਘ ਨੇ ਦੂਜਾ ਤੇ ਤੀਜੀ ਜਮਾਤ ਦੇ ਨੀਨੀਸ਼ ਜਿੰਦਲ ਨੇ ਤੀਜਾ ਸਥਾਨ ਹਾਸਲ ਕੀਤਾ।ਇਨ੍ਹਾਂ ਜੇਤੂ ਵਿਦਿਆਰਥੀਆਂ ਨੇ ਆਪਣੇ ਸਕੂਲ, ਅਧਿਆਪਕਾਂ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ, ਸਕੂਲ ਦੀ ਮੁੱਖ ਅਧਿਆਪਕਾ ਮੈਡਮ ਸੁਖਵਿੰਦਰ ਕੌਰ ਤੇ ਪ੍ਰਬੰਧਕ ਕਮੇਟੀ ਨੇ ਇਸ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਤੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

ਕਿੰਡਰ ਸਕੂਲ ਦੇ ਵਿਦਿਆਰਥੀਆਂ ਖੇਡਾਂ 'ਚ ਮਾਰੀਆਂ ਮੱਲਾਂ



ਸਮਰਾਲਾ (ਸੁਰਜੀਤ ਸਿੰਘ)-ਪੰਜਾਬ ਸਰਕਾਰ ਵਲੋਂ ਕਰਵਾਈਆ 'ਖੇਡਾਂ ਵਤਨ ਪੰਜਾਬ ਦੀਆਂ 2024' ਖੇਡਾਂ ਵਿਚ ਕਿੰਡਰ ਗਾਰਟਨ ਐਂਡ ਸੀ ਸੈ ਸਕੂਲ ਦੇ ਵਿਦਿਆਰਥੀਆਂ ਨੇ ਦੌੜਾਂ, ਲੰਬੀ ਛਾਲ, ਐਥਲੈਟਿਕਸ, ਗੋਲਾ ਸੁੱਟਣ, ਵਾਲੀਬਾਲ ਆਦਿ ਦੇ ਮੁਕਾਬਲਿਆਂ ਵਿੱਚ ਹਿੱਸਾ ਲਿਆ।ਇਨ੍ਹਾਂ ਵਿੱਚ ਅੰਡਰ-17 ਲੜਕੀਆਂ 200 ਮੀ. ਦੌੜ ਵਿੱਚ ਸਰਗਮਪ੍ਰੀਤ ਕੌਰ ਨੇ ਪਹਿਲਾ ਤੇ ਸ਼ੁਗਨਪ੍ਰੀਤ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।ਅੰਡਰ-19 ਲੜਕੀਆਂ 100 ਮੀ. ਦੌੜ ਵਿੱਚ ਮਹਿਕਪ੍ਰੀਤ ਕੌਰ ਨੇ ਦੂਜਾ ਤੇ ਰਮਨਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ।ਅੰਡਰ-19 ਲੜਕਿਆਂ 100 ਮੀ. ਦੌੜ ਵਿੱਚ ਕਰਨਵੀਰ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ।ਅੰਡਰ-17 ਗੋਲਾ ਸੁੱਟਣ ਵਿੱਚ ਜੋਬਨਜੋਤ ਸਿੰਘ ਨੇ ਪਹਿਲਾ, ਹਰਕਿਰਤ ਸਿੰਘ ਨੇ ਦੂਜਾ ਸਥਾਨ ਹਾਸਲ ਕੀਤਾ।ਅੰਡਰ-19 ਵਾਲੀਬਾਲ ਲੜਕਿਆਂ ਨੇ ਤੀਜਾ ਸਥਾਨ ਹਾਸਲ ਕੀਤਾ।ਇਨ੍ਹਾਂ ਵਿਦਿਆਰਥੀਆਂ ਨੇ ਪੁਜ਼ੀਸ਼ਨਾ ਹਾਸਲ ਕਰਕੇ ਸਕੂਲ ਦਾ ਨਾਮ ਰੋਸ਼ਨ ਕੀਤਾ। ਸਕੂਲ ਦੇ ਡਾਇਰੈਕਟਰ ਮੈਡਮ ਸਰਬਜੀਤ ਕੌਰ, ਸਕੂਲ ਦੇ ਪ੍ਰਿੰਸੀਪਲ ਮੈਡਮ ਰਣਜੋਤ ਕੌਰ ਨੇ ਜੇਤੂ ਖਿਡਾਰੀਆਂ, ਉਨ੍ਹਾਂ ਦੇ ਮਾਤਾ-ਪਿਤਾ ਤੇ ਡੀ. ਪੀ. ਮੈਡਮ ਹਰਪ੍ਰੀਤ ਕੌਰ ਅਤੇ ਨਵਪ੍ਰੀਤ ਕੌਰ ਨੂੰ ਵਧਾਈਆਂ ਦਿੱਤੀਆਂ।

ਐੱਸ ਸੀ ਸਰਪੰਚ ਦੀ ਕੁੱਟਮਾਰ ਖ਼ਿਲਾਫ਼ ਡੀ ਐੱਸ ਪੀ ਦਫ਼ਤਰ ਅੱਗੇ ਧਰਨਾ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਪਿੰਡ ਬਕਰਾਹਾ ਦੇ ਸਰਪੰਚ ਸੁਖਵਿੰਦਰ ਸਿੰਘ ਉੱਤੇ ਪਿੰਡ ਦੇ ਹੀ ਸਾਬਕਾ ਸਰਪੰਚ ਵੱਲੋਂ ਕੀਤੇ ਗਏ ਕਥਿਤ ਹਮਲੇ ਤੇ ਜਾਤੀ ਸੂਚਕ ਸ਼ਬਦ ਵਰਤੇ ਜਾਣ ਦੇ ਮਾਮਲੇ ਵਿੱਚ ਪੁਲਸ ਵੱਲੋਂ ਸ਼ਿਕਾਇਤ ਦੇ ਬਾਵਜੂਦ ਕਾਰਵਾਈ ਨਾ ਕੀਤੇ ਜਾਣ ਦੇ ਰੋਸ ਵਜੋਂ ਡੀ ਐੱਸ ਪੀ ਦਫਤਰ ਪਾਤੜਾਂ ਸਾਹਮਣੇ ਵਿਸ਼ਾਲ ਰੋਹ ਭਰਪੂਰ ਧਰਨਾ ਦਿੱਤਾ ਗਿਆ।ਇਸ ਤੋਂ ਇਕੱਤਰ ਲੋਕਾਂ ਨੇ ਪੁਲਸ ਖਿਲਾਫ ਜੰਮ ਕੇ ਨਾਅਰੇਬਾਜ਼ੀ ਕਰਦੇ ਹੋਏ ਡੀ ਐੱਸ ਪੀ ਪਾਤੜਾਂ ਦੇ ਨਾਮ ਮੰਗ ਪੱਤਰ ਦਿੱਤਾ, ਜਿਸ ਨੂੰ ਸਿਟੀ ਪੁਲਸ ਚੌਕੀ ਇੰਚਾਰਜ ਕਰਨੈਲ ਸਿੰਘ ਨੇ ਹਾਸਲ ਕਰਕੇ ਹਰ ਸੰਭਵ ਕਾਰਵਾਈ ਦਾ ਭਰੋਸਾ ਦਿੱਤਾ। ਰੋਸ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਜਬਰ ਜ਼ੁਲਮ ਵਿਰੋਧੀ ਫਰੰਟ ਦੇ ਪ੍ਰਧਾਨ ਰਾਜ ਸਿੰਘ ਟੋਡਰਵਾਲ, ਮਨਰੇਗਾ ਵਰਕਰ ਫਰੰਟ ਦੇ ਪ੍ਰਧਾਨ ਰੇਸ਼ਮ ਸਿੰਘ ਕਾਹਲੋਂ ਤੇ ਸੀਨੀਅਰ ਅਕਾਲੀ ਆਗੂ ਡਾ. ਬਹਾਦਰ ਸਿੰਘ ਘੱਗਾ ਨੇ ਕਿਹਾ ਕਿ ਕਰੀਬ ਡੇਢ ਮਹੀਨੇ ਦਾ ਸਮਾਂ ਹੋ ਗਿਆ ਹੈ, ਜਦੋਂ ਪਿੰਡ ਬਕਰਾਹਾ ਦੇ ਅਨੁਸੂਚਿਤ ਜਾਤੀ ਭਾਈਚਾਰੇ ਨਾਲ ਸੰਬੰਧਤ ਮੌਜੂਦਾ ਸਰਪੰਚ ਸੁਖਵਿੰਦਰ ਸਿੰਘ ਨੂੰ ਪਿੰਡ ਦੇ ਹੀ ਇੱਕ ਸਾਬਕਾ ਸਰਪੰਚ ਨੇ ਘਰ ਆ ਕੇ ਨਾ ਸਿਰਫ ਕੁੱਟਮਾਰ ਕੀਤੀ, ਸਗੋਂ ਸ਼ਰੇਆਮ ਜਾਤੀ ਸੂਚਕ ਸ਼ਬਦਾਂ ਦੀ ਵਰਤੋਂ ਕੀਤੀ।ਉਨ੍ਹਾਂ ਕਿਹਾ ਕਿ ਸਰਪੰਚ ਸੁਖਵਿੰਦਰ ਸਿੰਘ ਨੇ ਵਾਪਰੀ ਇਸ ਘਟਨਾ ਸਬੰਧੀ ਉਸੇ ਸਮੇਂ ਪੁਲਸ ਨੂੰ ਸ਼ਿਕਾਇਤ ਕੀਤੀ ਸੀ, ਪਰ ਸਥਾਨਕ ਪੁਲਸ ਪ੍ਰਸ਼ਾਸਨ ਵੱਲੋਂ ਦੋਸ਼ੀਆਂ ਖ਼ਿਲਾਫ਼ ਬਣਦੀ ਕਾਰਵਾਈ ਨਹੀਂ ਕੀਤੀ ਗਈ, ਸਗੋਂ ਪੀੜਤ ਸਰਪੰਚ ਸੁਖਵਿੰਦਰ ਸਿੰਘ ਨੂੰ ਕਥਿਤ ਦੋਸ਼ੀਆਂ ਵੱਲੋਂ ਪ੍ਰਸ਼ਾਸਨ ਦੀ ਸ਼ਹਿ 'ਤੇ ਡਰਾਇਆ ਧਮਕਾਇਆ ਜਾ ਰਿਹਾ ਹੈ।ਉਨ੍ਹਾਂ ਦੋਸ਼ ਲਗਾਇਆ ਕਿ ਘਟਨਾ ਦੇ ਚਸ਼ਮਦੀਦ ਗਵਾਹਾਂ ਨੂੰ ਮੁੱਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।ਆਗੂਆਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਰਾਜਨੀਤਕ ਤੌਰ 'ਤੇ ਹੋ ਰਹੇ ਇਸ ਧੱਕੇ ਨੂੰ ਕਿਸੇ ਵੀ ਕੀਮਤ 'ਤੇ ਸਹਿਣ ਨਹੀਂ ਕੀਤਾ ਜਾਵੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕਰਮਜੀਤ ਸਿੰਘ ਮਲਵੱਟੀ, ਮਨਰੇਗਾ ਵਰਕਰ ਆਗੂ ਅਜੈਬ ਸਿੰਘ ਬਠੋਈ, ਸਾਬਕਾ ਸਰਪੰਚ ਪਲਵਿੰਦਰ ਕੌਰ ਹਰਿਆਊ, ਸਰਪੰਚ ਰਮੇਸ਼ ਕੁਮਾਰ ਨਾਈ ਵਾਲਾ, ਕਸ਼ਮੀਰ ਸਿੰਘ ਅਤਾਲਾਂ, ਅਜੈਬ ਸਿੰਘ ਹਰਿਆਊ, ਗਗਨਦੀਪ ਸਿੰਘ, ਜਤਿੰਦਰ ਬੁਜਰਕ, ਖੁਸ਼ੀ ਸ਼ੇਰਗੜ੍ਹ, ਮਨਪ੍ਰੀਤ ਹਮਝੇੜੀ, ਜੱਗੀ ਸਿੰਘ ਪ੍ਰਧਾਨ, ਨਾਰੰਗ ਸਿੰਘ, ਲਾਭ ਸਿੰਘ, ਬਲਵਿੰਦਰ ਸਿੰਘ, ਮਨਜੀਤ ਕੌਰ ਸਰਪੰਚ, ਸ਼ੇਰ ਸਿੰਘ, ਗੁਰਬਖਸ਼ ਸਿੰਘ ਬਿਠੋਈ ਤੇ ਭੀਮ ਸਿੰਘ ਬੂਹੀ ਆਦਿ ਹਾਜ਼ਰ ਸਨ।

**■ ਚਸ਼ਮਦੀਦ ਗਵਾਹਾਂ ਨੂੰ ਮ

13-SEP-PAGE-3.qxd 9/12/2024 11:11 PM Page 1

ਜੀ ਟੀ ਬੀ ਆਈ ਸਕੂਲ 'ਚ ਮਨਮੋਹਿਤ ਸਿੰਘ ਹੈੱਡ ਬੁਆਏ ਤੇ ਗੁਰਮੰਨਤ ਕੌਰ ਹੈੱਡ ਗਰਲ ਚੁਣੇ

ਧਾਰੀਵਾਲ, (ਮਨਦੀਪ ਸਿੰਘ ਵਿੱਕੀ) ਗੁਰੂ ਤੇਗ ਬਹਾਦਰ ਇੰਟਰਨੈਸ਼ਨਲ (ਜੀ.ਟੀ.ਬੀ.ਆਈ.) ਸਕੂਲ ਕਲਿਆਣਪੁਰ ਵਿਖੇ ਚੇਅਰਮੈਨ ਤਰਸੇਮ ਸਿੰਘ ਤੇ ਮੈਨੇਜਿੰਗ ਡਾਇਰੈਕਟਰ ਸੁਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਬੜੇ ਹੀ ਸੁੱਚਜੇ ਤੇ ਸਚਾਰੂ ਢੰਗ ਨਾਲ ਹੈੱਡ ਬੁਆਏ ਤੇ ਹੈੱਡ ਗਰਲ ਤੇ ਡਿਪਟੀ ਹੈੱਡ ਬੁਆਏ ਤੇ ਡਿਪਟੀ ਹੈੱਡ ਗਰਲ ਦੀ ਚੋਣ ਕੀਤੀ ਗਈ।

ਸਕੂਲ ਦੇ ਐਜੁਕੇਸ਼ਨਲ ਡਾਇਰੈਕਟਰ ਡਾ. ਕ੍ਰਿਤਇੰਦਰ ਕੌਰ ਤੇ ਪ੍ਰਿੰਸੀਪਲ ਬਰਿੰਦਰ ਜੋਤ ਕੌਰ ਨੇ ਦੱਸਿਆ ਕਿ ਇਸ ਚੋਣ ਦੌਰਾਨ ਹੈੱਡ ਬੁਆਏ ਮਨਮੋਹਿਤ ਸਿੰਘ ਤੇ ਡਿਪਟੀ ਹੈੱਡ ਬੁਆਏ ਕਰਨਬੀਰ ਸਿੰਘ ਅਤੇ ਹੈੱਡ ਗਰਲ ਗੁਰਮੰਨਤ ਕੌਰ ਤੇ ਡਿਪਟੀ ਹੈੱਡ ਗਰਲ ਰਿਤਵਿਕਾ ਨੂੰ ਚੁਣਿਆ ਗਿਆ।

ਇਨ੍ਹਾਂ ਦੇ ਨਾਲ ਸਕੂਲ ਦੇ ਚਾਰ ਹਾਊਸਾਂ ਦੇ ਕੈਪਟਨ ਤੇ ਡਿਪਟੀ ਕੈਪਟਨਾਂ ਦੀ ਚੋਣ ਵੀ ਕੀਤੀ ਗਈ, ਜਿਸ ਵਿੱਚ ਹਾਕਮ ਹਾਊਸ ਦੇ ਕੈਪਟਨ ਪਰਮਜੋਤ ਸਿੰਘ ਤੇ ਡਿਪਟੀ ਕੈਪਟਨ ਵਰਿਧੀ, ਅਰਜੁਨਾ ਹਾਊਸ ਦੇ ਕੈਪਟਨ ਸ਼ੇਰਦੀਪ ਸਿੰਘ ਤੇ ਡਿਪਟੀ ਕੈਪਟਨ ਰੂਹਾਨੀਅਤ, ਅਮਰਜੀਤ ਹਾਊਸ ਦੇ ਕੈਪਟਨ ਦਿਲਰੋਜ ਸਿੰਘ ਤੇ ਡਿਪਟੀ ਕੈਪਟਨ ਸੁਖਮੀਤ ਕੌਰ ਤੇ ਪ੍ਰਕਾਸ਼ ਹਾਊਸ ਦੇ ਕੈਪਟਨ ਗੁਰਅਨਹਦ ਸਿੰਘ ਤੇ ਡਿਪਟੀ ਕੈਪਟਨ ਹਰਮਨਪ੍ਰੀਤ ਕੌਰ ਨੂੰ ਚੁਣਿਆ ਗਿਆ।

ਇਸ ਦੇ ਨਾਲ ਹੀ ਜਮਾਤ ਛੇਵੀਂ ਤੋਂ ਨੌਂਵੀ ਦੇ ਪ੍ਰਫ਼ੈਕਟ ਵਿਦਿਆਰਥੀਆਂ ਦੀ ਚੋਣ ਵੀ ਕੀਤੀ ਗਈ। ਇਨ੍ਹਾਂ ਚੁਣੇ ਗਏ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਬਰਿੰਦਰ ਜੋਤ ਕੌਰ ਦੁਆਰਾ ਸਹੁੰ ਚੁਕਾਈ ਗਈ ਕਿ ਵਿਦਿਆਰਥੀ ਸਕੂਲ ਦੁਆਰਾ ਸੌਂਪੀਆਂ ਗਈਆਂ ਜ਼ਿੰਮੇਵਾਰੀਆਂ ਜਿਵੇਂ ਕਿ ਅਨੁਸਾਸ਼ਨ ਕਾਇਮ ਰੱਖਣਾ ਤੇ ਸਕੂਲ ਦੇ ਨਿਯਮਾਂ ਦੀ ਪਾਲਣਾ ਕਰਨਾ, ਸਹੀ ਤੇ ਨਿਰਪੱਖ ਢੰਗ ਨਾਲ ਜ਼ਿੰਮੇਵਾਰੀਆਂ ਨਿਭਾਉਣ ਲਈ ਵਚਨਬੱਧ ਰਹਿਣ। ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿੱਚ ਸਪੋਰਟਸ ਅਧਿਆਪਕ ਲਵਦੀਪ ਸਿੰਘ, ਸੋਨੀਆ, ਰਣਦੀਪ ਕੌਰ, ਕੋਆਰਡੀਨੇਟਰ ਸਪਨਾ ਮੈਂਗੀ ਅਤੇ ਪ੍ਰਭਜੋਤ ਕੌਰ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਇਸ ਮੌਕੇ ਸਕੂਲ ਦੇ ਸਮੂਹ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

ਨਾਇਬ ਸੂਬੇਦਾਰ ਰਣਜੀਤ ਸਿੰਘ ਲਖਨਾ ਦਾ ਕੀਤਾ ਵਿਸ਼ੇਸ਼ ਸਨਮਾਨ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ, ਰਣਬੀਰ ਸਿੰਘ ਗੋਲਣ) 2023 ਵਿੱਚ ਫੌਜ ਵਿੱਚ ਬਤੌਰ ਨਾਇਬ ਸੂਬੇਦਾਰ ਭਰਤੀ ਹੋਣ ਮਗਰੋਂ ਘਰ ਪਰਤੇ ਭਾਈ ਰਣਜੀਤ ਸਿੰਘ ਲਖਨਾ ਨੂੰ ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਵੱਲੋਂ ਸਨਮਾਨਤ ਕੀਤਾ ਗਿਆ। ਸੁਸਾਇਟੀ ਵੱਲੋਂ ਸਿੱਖ ਪ੍ਰਚਾਰਕ ਭਾਈ ਜਗਜੀਤ ਸਿੰਘ ਅਹਿਮਦਪੁਰ ਤੇ ਗਿਆਨੀ ਕਰਮ ਸਿੰਘ ਅਹਿਮਦਪੁਰ ਨੇ ਨਾਇਬ ਸੂਬੇਦਾਰ ਭਾਈ ਰਣਜੀਤ ਨੂੰ ਜੀ ਆਇਆਂ ਆਖਦਿਆਂ ਗੁਰੂ ਦੀ ਬਖਸ਼ਿਸ਼ ਸਿਰੋਪਾਓ ਭੇਟ ਕੀਤਾ।

ਜਗਜੀਤ ਸਿੰਘ ਅਹਿਮਦਪੁਰ ਤੇ ਗਿਆਨੀ ਕਰਮ ਸਿੰਘ ਅਹਿਮਦਪੁਰ ਨੇ ਕਿਹਾ ਕਿ ਬੰਦੇ ਦੀ ਕੀਤੀ ਹੋਈ ਮਿਹਨਤ ਕਦੇ ਵੀ ਵਿਅਰਥ ਨਹੀਂ ਜਾਂਦੀ।ਉਨ੍ਹਾਂ ਕਿਹਾ ਕਿ ਇਮਾਨਦਾਰੀ ਨਾਲ ਕੀਤੀ ਹੋਈ ਮਿਹਨਤ ਦਾ ਫ਼ਲ ਕਿਸੇ ਨਾ ਕਿਸੇ ਰੂਪ ਵਿੱਚ ਵਾਹਿਗੁਰੂ ਵੱਲੋਂ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਭਾਈ ਰਣਜੀਤ ਸਿੰਘ ਲਖਣਾ ਗੁਰਮਤਿ ਸਿੱਖਿਆ ਹਾਸਲ ਕਰਨ ਤੋਂ ਬਾਅਦ ਵੱਖ-ਵੱਖ ਥਾਂਵਾਂ 'ਤੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਸੇਵਾਵਾਂ ਨਿਭਾਉਂਦੇ ਰਹੇ ਤੇ ਨਾਲ-ਨਾਲ ਉਨ੍ਹਾਂ ਨੇ ਉੱਦਮ ਕਰਨਾ ਜਾਰੀ ਰੱਖਿਆ।

ਸਖ਼ਤ ਮਿਹਨਤ ਤੇ ਉੱਦਮ ਦਾ ਫ਼ਲ ਉਨ੍ਹਾਂ ਨੂੰ ਸਾਲ 2023 ਵਿੱਚ ਮਿਲਿਆ, ਜਦੋਂ ਉਹ ਫੌਜ ਵਿੱਚ ਨਾਇਬ ਸੂਬੇਦਾਰ ਭਰਤੀ ਹੋ ਗਏ।ਆਗੂਆਂ ਨੇ ਕਿਹਾ ਕਿ ਲੰਮੀ ਟ੍ਰੇਨਿੰਗ ਤੋਂ ਬਾਅਦ ਭਾਈ ਰਣਜੀਤ ਸਿੰਘ ਆਪਣੇ ਨਗਰ ਲਖਣਾ ਵਿੱਚ ਪਹੁੰਚੇ ਹਨ।ਉਨ੍ਹਾਂ ਕਿਹਾ ਕਿ ਭਾਈ ਰਣਜੀਤ ਸਿੰਘ ਉਨ੍ਹਾਂ ਨੌਜਵਾਨਾਂ ਲਈ ਮਿਸਾਲ ਹਨ, ਜਿਹੜੇ ਬਿਨਾਂ ਮਿਹਨਤ ਕੀਤਿਆਂ ਦਲੀਲ ਦਿੰਦੇ ਹਨ ਕਿ ਪੰਜਾਬ ਵਿੱਚ ਕੋਈ ਭਰਤੀ ਨਹੀਂ ਹੈ।ਅੰਤ ਵਿੱਚ ਉਨ੍ਹਾਂ ਨੇ ਨੌਜਵਾਨਾਂ ਨੂੰ ਭਾਈ ਰਣਜੀਤ ਸਿੰਘ ਤੋਂ ਪ੍ਰੇਰਨਾ ਲੈ ਕੇ ਸਖ਼ਤ ਮਿਹਨਤ ਕਰਨ ਦਾ ਸੰਦੇਸ਼ ਦਿੱਤਾ।

ਖਾਲਸਾ ਕਾਲਜ ਮਹਿਤਾ ਦੀ ਵਿਦਿਆਰਥਣ ਨੇ 'ਵਰਸਿਟੀ ਮੈਰਿਟ 'ਚ ਮਾਰੀਆਂ ਮੱਲਾਂ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਪ੍ਰਧਾਨ ਸੰਤ ਸਮਾਜ ਜੀ ਦੀ ਰਹਿਨੁਮਾਈ ਹੇਠ ਚੱਲ ਰਹੀ ਵਿੱਦਿਅਕ ਸੰਸਥਾ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜ ਮਹਿਤਾ ਚੌਂਕ ਦੀ ਹੋਣਹਾਰ ਵਿਦਿਆਰਥਣ ਹਰਮਨਜੋਤ ਕੌਰ ਸਪੁੱਤਰੀ ਕੁਲਦੀਪ ਸਿੰਘ ਨਿਵਾਸੀ ਅਰਜਨ ਮਾਂਗਾ ਨੇ ਆਪਣੀ ਬੀ.ਏ ਦੀ ਡਿਗਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਧੀਨ ਮੁਕੰਮਲ ਕਰ ਰਹੀ ਹੈ।ਹਰਮਨਜੋਤ ਦੀ ਡਿਗਰੀ ਦੌਰਾਨ ਵਧੀਆ ਕਾਰਗੁਜ਼ਾਰੀ ਤੇ ਕਠੋਰ ਮਿਹਨਤ ਦਾ ਉਸ ਨੂੰ ਬਹੁਤ ਮਿੱਠਾ ਫ਼ਲ ਮਿਲਿਆ।ਯੂਨੀਵਰਸਿਟੀ ਵਿੱਚ ਉਸ ਨੇ 85% ਅੰਕ ਪ੍ਰਾਪਤ ਕਰਕੇ ਮੈਰਿਟ ਸੂਚੀ ਵਿੱਚ ਪਹਿਲਾ ਦਰਜਾ ਹਾਸਲ ਕੀਤਾ ਤੇ ਨਾਲ ਹੀ ਯੂਨੀਵਰਸਿਟੀ ਵੱਲੋਂ ਵਿਦਿਆਰਥਣ ਨੂੰ ਵਜ਼ੀਫ਼ਾ ਦਿੱਤਾ ਜਾ ਰਿਹਾ ਹੈ।

ਵਿਦਿਆਰਥਣ ਦੀ ਸ਼ਲਾਘਾ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਨੇ ਵਿਦਿਆਰਥਣ ਦਾ ਮੂੰਹ ਮਿੱਠਾ ਕਰਾਇਆ ਤੇ ਕਿਹਾ ਕਿ ਅਜਿਹੇ ਵਿਦਿਆਰਥੀਆਂ ਦੀ ਕਾਬਲੀਅਤ ਸਦਕਾ ਹੀ ਉਨ੍ਹਾਂ ਦੇ ਮਾਪਿਆਂ, ਅਧਿਆਪਕਾਂ ਅਤੇ ਸੰਸਥਾ ਦਾ ਨਾਂਅ ਰੌਸ਼ਨ ਹੁੰਦਾ ਹੈ।ਇਸ ਮੌਕੇ ਉਨ੍ਹਾਂ ਨੇ ਸਮੂਹ ਪ੍ਰੋਫੈਸਰ ਸਾਹਿਬਾਨਾਂ ਨੂੰ ਮੁਬਾਰਕਬਾਦ ਦਿੱਤੀ, ਜਿਨ੍ਹਾਂ ਦੀ ਬਦੌਲਤ ਹਰ ਸਾਲ ਵਿਦਿਆਰਥੀ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ ਨਾਂਅ ਦਰਜ ਕਰਾ ਰਹੇ ਹਨ ਤੇ ਦਿਨ-ਬ-ਦਿਨ ਤਰੱਕੀ ਦੀ ਪੌੜੀ ਚੜ੍ਹ ਰਹੇ ਹਨ।

ਦਿਨ-ਦਿਹਾੜੇ ਨੌਜਵਾਨ ਨੂੰ ਮਾਰੀ ਗੋਲੀ, ਹਾਲਤ ਗੰਭੀਰ

ਬਟਾਲਾ (ਤਰਲੋਕ ਬੱਗਾ) ਰਾਧਾ ਕ੍ਰਿਸ਼ਨ ਕਲੋਨੀ ਵਿਖੇ ਕੁੱਝ ਨੌਜਵਾਨਾਂ ਵੱਲੋਂ ਆਪਸੀ ਝਗੜੇ ਤੋਂ ਬਾਅਦ ਇੱਕ ਨੌਜਵਾਨ ਨੂੰ ਗੋਲੀ ਮਾਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਿਸ ਨੌਜਵਾਨ ਦੇ ਗੋਲੀ ਵੱਜੀ ਹੈ, ਉਸ ਦਾ ਨਾਂਅ ਦਮਨ ਗੁਰਾਇਆ ਹੈ। ਉਸ ਦੀ ਗੰਭੀਰ ਹਾਲਤ ਦੇਖਦੇ ਹੋਏ ਉਸ ਨੂੰ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ ਹੈ।ਪੁਲਸ ਅਧਿਕਾਰੀਆਂ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਪੂਰੀ ਸੱਚਾਈ ਜਲਦੀ ਸਾਹਮਣੇ ਲਿਆਂਦੀ ਜਾਵੇਗੀ। ਦੱਸਣਯੋਗ ਹੈ ਕਿ ਜਿਸ ਕਲੋਨੀ ਵਿੱਚ ਗੋਲੀ ਚੱਲੀ ਹੈ, ਉੱਥੇ ਇੱਕ ਰਾਜਨੀਤਕ ਆਗੂ ਦੇ ਗੰਨਮੈਨ ਵੱਲੋਂ ਬੜੀ ਮੁਸ਼ੱਕਤ ਤੋਂ ਬਾਅਦ ਗੋਲੀ ਚਲਾਉਣ ਵਾਲੇ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਤੇ ਉਸ ਪਾਸੋਂ ਪਿਸਟਲ ਵੀ ਬਰਾਮਦ ਕਰ ਲਈ ਗਈ।

ਸਕੂਲੀ ਬੱਚਿਆਂ ਨੂੰ ਟ੍ਰੈਫ਼ਿਕ ਨਿਯਮਾਂ ਸਬੰਧੀ ਜਾਗਰੂਕ ਕੀਤਾ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ) ਸਹਾਇਕ ਡਾਇਰੈਕਟਰ ਜ਼ਿਲ੍ਹਾ ਯੁਵਕ ਕੇਂਦਰ, ਗੁਰਦਾਸਪੁਰ ਦੀਆਂ ਹਦਾਇਤਾਂ 'ਤੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਖੇ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਵਿੱਚ ਟ੍ਰੈਫ਼ਿਕ ਨਿਯਮਾਂ ਸਬੰਧੀ ਜਾਗਰੂਕ ਕਰਾਇਆ ਗਿਆ।ਇਸ ਦੌਰਾਨ ਵਿਦਿਆਰਥੀਆਂ ਵੱਲੋਂ ਟ੍ਰੈਫ਼ਿਕ ਨਿਯਮਾਂ ਸਬੰਧੀ ਜਾਗਰੂਕ ਕਰਨ ਲਈ ਬੈਨਰ ਬਣਾਏ ਤੇ ਭਾਸ਼ਣ ਦਿੱਤੇ ਗਏ।ਸਕੂਲ ਪ੍ਰਿੰਸੀਪਲ ਮੈਡਮ ਰੁਪਿੰਦਰਜੀਤ ਧਾਲੀਵਾਲ ਨੇ ਵਿਦਿਆਰਥੀਆਂ ਨੂੰ ਟ੍ਰੈਫ਼ਿਕ ਨਿਯਮਾਂ ਸਬੰਧੀ ਜਾਗਰੂਕ ਕੀਤਾ ਤੇ ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ 'ਤੇ ਹੋਣ ਵਾਲੇ ਨੁਕਸਾਨ ਪ੍ਰਤੀ ਜਾਗਰੂਕ ਕੀਤਾ।ਇਸ ਦੌਰਾਨ ਸਕਿਊਰਟੀ ਇੰਚਾਰਜ ਅਪਰਅਪਾਰ ਸਿੰਘ ਨੇ ਵਿਦਿਆਰਥੀਆਂ ਨੂੰ ਟ੍ਰੈਫ਼ਿਕ ਲਾਇਟ ਤੇ ਡਰਾਈਵਿੰਗ ਲਾਈਸੰਸ ਬਾਰੇ ਬੜੇ ਵਿਸਥਾਰ ਨਾਲ ਦੱਸਿਆ।

ਅਸ਼ਲੀਲ ਹਰਕਤਾਂ ਕਰਨ ਵਾਲੇ ਵਿਰੁੱਧ ਕੇਸ ਦਰਜ

ਧਾਰੀਵਾਲ, (ਮਨਦੀਪ ਸਿੰਘ ਵਿੱਕੀ) ਇੱਕ ਵਿਧਵਾ ਔਰਤ ਦੇ ਘਰ ਜਾ ਕੇ ਉਸਦੀ ਲੱਜਾ ਭੰਗ ਕਰਨ ਦੇ ਇਰਾਦੇ ਨਾਲ ਅਸ਼ਲੀਲ ਹਰਕਤਾਂ ਕਰਨ ਦੇ ਦੋਸ਼ ਹੇਠ ਥਾਣਾ ਧਾਰੀਵਾਲ ਦੀ ਪੁਲਸ ਨੇ ਇੱਕ ਵਿਅਕਤੀ ਵਿਰੁੱਧ ਕੇਸ ਦਰਜ ਕੀਤਾ ਹੈ। ਥਾਣਾ ਧਾਰੀਵਾਲ ਅਧੀਨ ਪੈਂਦੇ ਇਕ ਪਿੰਡ ਦੀ ਵਿਧਵਾ ਔਰਤ ਨੇ ਇਨਸਾਫ ਦੀ ਮੰਗ ਕਰਦਿਆਂ ਪੁਲਸ ਨੂੰ ਸ਼ਿਕਾਇਤ ਰਾਹੀਂ ਦੱਸਿਆ ਕਿ ਉਹ 9 ਸਤੰਬਰ ਨੂੰ ਆਪਣੇ ਘਰ ਵਿੱਚ ਇਕੱਲੀ ਸੀ ਤੇ ਰਾਤ ਨੂੰ ਕਰੀਬ 9 ਵਜੇ ਤੀਰਥ ਸਿੰਘ ਪੁੱਤਰ ਬੰਤਾ ਸਿੰਘ ਵਾਸੀ ਪਿੰਡ ਆਲੋਵਾਲ ਉਸ (ਵਿਧਵਾ) ਦੇ ਘਰ ਆ ਕੇ ਕਮਰੇ ਵਿੱਚ ਬੈੱਡ 'ਤੇ ਬੈਠ ਗਿਆ। ਉਸਦੀ ਲੱਜਾ ਭੰਗ ਕਰਨ ਦੇ ਇਰਾਦੇ ਨਾਲ ਉਸ (ਤੀਰਥ ਸਿੰਘ) ਨੇ ਅਸ਼ਲੀਲ ਸਬਦ ਬੋਲੇ ਤੇ ਉਸ ਨੂੰ ਇਸ਼ਾਰੇ ਕੀਤੇ। ਜਦੋਂ ਉਹ ਉਸਦੀ ਦੀ ਬਾਂਹ ਫੜਨ ਲੱਗਾ ਤਾਂ ਉਹ ਕਮਰੇ ਵਿੱਚੋਂ ਬਾਹਰ ਆ ਗਈ ਤੇ ਤੀਰਥ ਸਿੰਘ ਵੀ ਉਸ ਦੇ ਘਰੋਂ ਚਲਾ ਗਿਆ। ਥਾਣਾ ਧਾਰੀਵਾਲ ਦੇ ਐਸਐਚਓ ਇੰਸਪੈਕਟਰ ਬਲਜੀਤ ਕੌਰ ਨੇ ਵਿਧਵਾ ਔਰਤ ਦੇ ਬਿਆਨ ਅਨੁਸਾਰ ਤਰੀਥ ਸਿੰਘ ਖਿਲਾਫ਼ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਆੜ੍ਹਤੀਆਂ ਦਾ ਵਫ਼ਦ ਏ ਡੀ ਸੀ ਨੂੰ ਮਿਲਿਆ

ਮਜੀਠਾ (ਸੋਇਮ ਆਨੰਦ) ਦਾਣਾ ਮੰਡੀ ਵਿਖੇ ਆੜ੍ਹਤੀਆਂ ਦਾ ਇੱਕ ਵਫ਼ਦ ਸੁਖਚੈਨ ਸਿੰਘ ਭੰਗੂ ਦੀ ਅਗਵਾਈ ਵਿੱਚ ਸ਼੍ਰੀਮਤੀ ਪਰਮਜੀਤ ਕੌਰ ਏ ਡੀ ਸੀ ਨੂੰ ਮਿਲਿਆ।ਉਨ੍ਹਾਂ ਵੱਲੋਂ ਸੋਹਣੀ ਸੀਜ਼ਨ ਵਿੱਚ ਆੜ੍ਹਤੀਆਂ ਤੇ ਕਿਸਾਨਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਤੋਂ ਜਾਣੂ ਕਰਾਇਆ ਗਿਆ ਤੇ ਉਨ੍ਹਾਂ ਵੱਲੋਂ ਪਰਮਜੀਤ ਕੌਰ ਏ ਡੀ ਸੀ ਨੂੰ ਬੇਨਤੀ ਕੀਤੀ ਗਈ ਕਿ ਹਾੜੀ ਸੀਜ਼ਨ ਦਾ ਕਿਰਾਇਆ, ਜੋ ਆੜ੍ਹਤੀਆਂ ਨੇ ਟਰਾਂਸਪੋਰਟ ਕੋਲੋਂ ਵਸੂਲ ਕਰਨਾ ਹੈ, ਵੀ ਆੜ੍ਹਤੀਆਂ ਨੂੰ ਦਿਵਾਇਆ ਜਾਵੇ।ਇਸ ਮੌਕੇ ਏ ਡੀ ਸੀ ਅੰਮ੍ਰਿਤਸਰ ਵੱਲੋਂ ਆੜ੍ਹਤੀਆਂ ਦੇ ਵਫ਼ਦ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਜਲਦ ਹੀ ਤੁਹਾਡੇ ਇਸ ਮਸਲੇ ਦਾ ਹੱਲ ਕਰ ਦਿੱਤਾ ਜਾਵੇਗਾ।

ਟੈਕਸੀ ਮਾਲਕਾਂ, ਚਾਲਕਾਂ ਤੇ ਆਮ ਜਨਤਾ ਨੂੰ ਆਵਾਜਾਈ ਦੇ ਨਿਯਮਾਂ ਬਾਰੇ ਦਿੱਤੀ ਜਾਣਕਾਰੀ

ਗੁਰਦਾਸਪੁਰ (ਜਨਕ ਮਹਾਜਨ)-ਟਰੈਫ਼ਿਕ ਪੁਲਸ ਐਜੂਕੇਸ਼ਨ ਸੈੱਲ ਵਲੋਂ ਟਰੈਫਿਕ ਜਾਗਰੂਕਤਾ ਸੈਮੀਨਾਰ ਬਟਾਲਾ ਰੋਡ ਮਿੰਨੀ ਆਟੋ ਸਟੈਂਡ ਵਿਖੇ ਲਗਾਇਆ ਗਿਆ ਜਿਸ ਵਿੱਚ ਟੈਕਸੀ ਮਾਲਕਾਂ, ਚਾਲਕਾਂ ਤੇ ਆਮ ਪਬਲਿਕ ਨੂੰ ਸ਼ਾਮਿਲ ਕਰਕੇ ਟਰੈਫ਼ਿਕ ਨਿਯਮਾਂ ਦੀ ਜਾਣਕਾਰੀ ਦਿੱਤੀ ਗਈ। ਸੈਮੀਨਾਰ ਵਿੱਚ ਇੰਚਾਰਜ ਟਰੈਫ਼ਿਕ ਐਜੂਕੇਸ਼ਨ ਸੈੱਲ ਏ. ਐਸ. ਆਈ. ਜਸਵਿੰਦਰ ਸਿੰਘ, ਏ. ਐੱਸ. ਆਈ. ਅਮਨਦੀਪ ਸਿੰਘ, ਸੁਖਪ੍ਰੀਤ ਸਿੰਘ, ਭਜਨ ਸਿੰਘ ਤੇ ਜਸਪਾਲ ਆਦਿ ਨੇ ਹਿੱਸਾ ਲਿਆ। ਇੰਚਾਰਜ ਟਰੈਫਿਕ ਐਜੂਕੇਸ਼ਨ ਸੈੱਲ ਏ. ਐੱਸ. ਆਈ. ਜਸਵਿੰਦਰ ਸਿੰਘ ਨੇ ਦੱਸਿਆ ਕਿ ਹਾਦਸਿਆਂ ਦੀ ਦਰ ਨੂੰ ਕਿਵੇਂ ਘਟਾਇਆ ਜਾ ਸਕਦਾ। ਉਨ ਾਂ ਵਿਸਥਾਰਪੂਰਵਕ ਦੱਸਿਆ ਕਿ ਢੋਆ-ਢੁਆਈ ਵਾਲੇ ਵਾਹਨ ਉਪਰ ਸਵਾਰੀਆਂ ਬੈਠਾਉਣਾ ਗੈਰ-ਕਾਨੂੰਨੀ ਹੈ ਅਤੇ ਹੋਣ ਵਾਲੇ ਚਲਾਨ ਤੇ ਜੁਰਮਾਨੇ ਬਾਰੇ ਜਾਣਕਾਰੀ ਦਿੱਤੀ ਗਈ। ਹੈਲਮਟ ਤੇ ਸੀਟ ਬੈਲਟ ਦੀ ਅਹਿਮੀਅਤ ਬਾਰੇ ਵੀ ਦੱਸਿਆ ਗਿਆ। ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਜਾਣੂੰ ਕਰਵਾਇਆ ਗਿਆ ਤੇ ਇਸ ਦੀ ਰੋਕਥਾਮ ਲਈ ਅੱਗੇ ਆਉਣ ਲਈ ਪ੍ਰੇਰਿਤ ਕੀਤਾ ਗਿਆ। ਅਣਪਛਾਤੇ ਵਾਹਨਾਂ ਦੁਆਰਾ ਐਕਸੀਡੈਂਟ ਹੋਣ 'ਤੇ ਮੌਤ ਹੋ ਜਾਣ ਜਾਂ ਅਪਾਹਜ ਹੋ ਜਾਣ ਤੇ ਮਿਲਣ ਵਾਲੀ ਸਹਾਇਤਾ ਬਾਰੇ ਜਾਣਕਾਰੀ ਦਿੱਤੀ ਗਈ। ਹੈਲਪ ਲਾਈਨ ਨੰਬਰ 112, 1033, 1930 ਬਾਰੇ ਜਾਗਰੂਕ ਕੀਤਾ ਗਿਆ।

ਸਵਰਾਜ ਸਪੋਰਟਸ ਕਲੱਬ ਵੱਲੋਂ 7 ਸਾਈਡ ਨਾਈਟ ਫੁੱਟਬਾਲ ਟੂਰਨਾਮੈਂਟ ਸ਼ੁਰੂ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ) ਕੀਰਤਨ ਦਰਬਾਰ ਗਰਾਊਂਡ ਵਿਖੇ ਸਵਰਾਜ ਸਪੋਰਟਸ. ਕਲੱਬ ਅਜਨਾਲਾ ਰਜਿਸਟਰਡ ਵੱਲੋਂ ਤੀਜਾ 7 ਸਾਈਡ ਨਾਈਟ ਫੁੱਟਬਾਲ ਟੂਰਨਾਮੈਂਟ 11 ਤੋਂ 14 ਸਤੰਬਰ ਤੱਕ ਕਰਾਇਆ ਜਾ ਰਿਹਾ ਹੈ, ਜਿਸ ਦਾ ਪਹਿਲੀ ਰਾਤ ਉਦਘਾਟਨ ਪ੍ਰਧਾਨ ਨਗਰ ਪੰਚਾਇਤ ਜਸਪਾਲ ਸਿੰਘ ਢਿੱਲੋਂ ਵੱਲੋਂ ਕੀਤਾ ਗਿਆ।

ਨਗਰ ਪੰਚਾਇਤ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ ਵੱਲੋਂ ਸੰਬੋਧਨ ਕਰਦਿਆਂ ਕਿਹਾ ਗਿਆ ਕਿ ਸਪੋਰਟਸ ਕਲੱਬਾਂ ਨੂੰ ਇਸ ਤਰ੍ਹਾਂ ਦੇ ਟੂਰਨਾਮੈਂਟ ਕਰਾਉਂਦੇ ਰਹਿਣਾ ਚਾਹੀਦਾ ਹੈ ਤਾਂ ਜੁ ਬੱਚੇ ਨਸ਼ਿਆਂ ਤੋਂ ਦੂਰੀ ਬਣਾ ਕੇ ਇਨ੍ਹਾਂ ਖੇਡ ਮੈਦਾਨਾਂ ਨਾਲ ਜੁੜੇ ਰਹਿਣ।ਕਲੱਬ ਦੇ ਪ੍ਰਧਾਨ ਮੰਗਲ ਸਿੰਘ ਨਿੱਝਰ ਵੱਲੋਂ ਕਿਹਾ

13-Sep-PAGE-4.qxd 9/12/2024 11:02 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 13 ਸਤੰਬਰ 2024

ਸ਼ਿਮਲਾ ਮਸਜਿਦ ਮਾਮਲਾ

ਪਿਛਲੇ ਇੱਕ ਹਫ਼ਤੇ ਤੋਂ ਹਿਮਾਚਲ ਪ੍ਰਦੇਸ਼ ਦੀ ਰਾਜਧਾਨੀ ਸ਼ਿਮਲਾ ਵਿੱਚ ਇੱਕ ਮਸਜਿਦ ਦਾ ਮੁੱਦਾ ਗਰਮਾਇਆ ਹੋਇਆ ਹੈ। ਹਿੰਦੂ ਸੰਗਠਨਾਂ ਦੀ ਅਗਵਾਈ ਵਿੱਚ ਸਥਾਨਕ ਲੋਕਾਂ ਵੱਲੋਂ ਪ੍ਰਦਰਸ਼ਨਾਂ ਦਾ ਸਿਲਸਿਲਾ ਲਗਾਤਾਰੀ ਜਾਰੀ ਹੈ। ਹਿੰਦੂ ਸੰਗਠਨਾਂ ਦਾ ਕਹਿਣਾ ਹੈ ਕਿ ਇਹ ਮਸਜਿਦ ਸਰਕਾਰੀ ਜ਼ਮੀਨ ਉੱਤੇ ਬਣੀ ਹੋਈ ਹੈ, ਜਦੋਂ ਕਿ ਵਕਫ਼ ਬੋਰਡ ਦਾ ਕਹਿਣਾ ਹੈ ਕਿ ਇਹ ਜ਼ਮੀਨ ਉਸ ਦੀ ਹੈ ਤੇ ਮਸਜਿਦ 1947 ਤੋਂ ਪਹਿਲਾਂ ਦੀ ਹੈ। ਇਸ ਸੰਬੰਧੀ 14 ਸਾਲਾਂ ਤੋਂ ਕੇਸ ਅਦਾਲਤ ਵਿੱਚ ਚੱਲ ਰਿਹਾ ਹੈ। ਇਸ ਦੌਰਾਨ ਭਾਜਪਾ ਤੇ ਕਾਂਗਰਸ ਦੀਆਂ ਵਾਰੀ-ਵਾਰੀ ਸਰਕਾਰਾਂ ਬਣਦੀਆਂ ਰਹੀਆਂ, ਪਰ ਕਿਸੇ ਸਮੇਂ ਵੀ ਇਸ ਮਸਜਿਦ ਦਾ ਮੁੱਦਾ ਉਠਿਆ ਨਹੀਂ ਸੀ।

ਇਸ ਵਾਰ ਵੀ ਇਸ ਮਸਲੇ ਦਾ ਸ੍ਰੀਗਣੇਸ਼ ਭਾਜਪਾ ਨੇ ਨਹੀਂ, ਸਗੋਂ ਖੁਦ ਕਾਂਗਰਸ ਨੇ ਕੀਤਾ ਹੈ। ਇਸ ਮਸਲੇ ਨੇ ਤੂਲ ਉਸ ਸਮੇਂ ਫੜਿਆ, ਜਦੋਂ ਕਾਂਗਰਸ ਸਰਕਾਰ ਵਿੱਚ ਪੇਂਡੂ ਤੇ ਪੰਚਾਇਤ ਰਾਜ ਮੰਤਰੀ ਤੇ ਸ਼ਿਮਲਾ ਤੋਂ ਵਿਧਾਇਕ ਅਨੀਰੁੱਧ ਸਿੰਘ ਨੇ ਵਿਧਾਨ ਸਭਾ ਵਿੱਚ ਇਸ ਮਸਜਿਦ ਤੇ ਸ਼ਿਮਲਾ ਵਿੱਚ ਹੋਈਆਂ ਨਜਾਇਜ਼ ਉਸਾਰੀਆਂ ਦਾ ਮੁੱਦਾ ਉਠਾ ਦਿੱਤਾ। ਉਨ੍ਹਾ ਇਹ ਵੀ ਕਿਹਾ ਕਿ ਉਨ੍ਹਾ ਖੁਦ ਰੋਹਿੰਗਿਆ ਮੁਸਲਮਾਨਾਂ ਨੂੰ ਸ਼ਿਮਲਾ ਵਿੱਚ ਨਜਾਇਜ਼ ਉਸਾਰੀਆਂ ਕਰਕੇ ਆਪਣੇ ਟਿਕਾਣੇ ਬਣਾਉਂਦੇ ਦੇਖਿਆ ਹੈ। ਉਹ ਇਥੇ ਹੀ ਨਹੀਂ ਰੁਕੇ, ਉਨਾ ਲਵ-ਜਿਹਾਦ ਦਾ ਮੁੱਦਾ ਵੀ ਇਸ ਨਾਲ ਜੋੜ ਲਿਆ।

ਅਸਲ ਵਿੱਚ ਇਸ ਮੁੱਦੇ ਪਿੱਛੇ ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਵੱਲੋਂ 'ਰਾਜਾ ਜੀ' ਕਹੇ ਜਾਣ ਵਾਲੇ ਮਰਹੂਮ ਵੀਰਭੱਦਰ ਸਿੰਘ ਦੇ ਪਰਵਾਰ ਨੂੰ ਰਾਜ ਦੀ ਵਾਗਡੋਰ ਨਾ ਸੰਭਾਲ ਕੇ ਇੱਕ ਆਮ ਕਾਂਗਰਸੀ ਵਰਕਰ ਨੂੰ ਗੱਦੀ ਸੌਂਪ ਦੇਣਾ ਹੈ। ਸੁਖਵਿੰਦਰ ਸਿੰਘ ਸੁੱਖੂ ਦੀ ਸਰਕਾਰ ਨੂੰ ਡੇਗਣ ਲਈ ਵੀਰਭੱਦਰ ਸਿੰਘ ਦੀ ਪਤਨੀ ਪ੍ਰਤਿਭਾ ਸਿੰਘ ਤੇ ਲੜਕੇ ਵਿਕਰਮਾਦਿੱਤ ਸਿੰਘ ਨੇ ਜਿਸ ਤਰ੍ਹਾਂ ਸ਼ੁਰੂ ਵਿੱਚ ਹੀ ਆਪਣੇ ਹਮਾਇਤੀ ਕਾਂਗਰਸੀ ਵਿਧਾਇਕਾਂ ਨੂੰ ਭਾਜਪਾ ਦੇ ਹਵਾਲੇ ਕੀਤਾ ਸੀ, ਉਹ ਕਿਸੇ ਨੂੰ ਭੁੱਲਿਆ ਹੋਇਆ ਨਹੀਂ। ਇਸ ਦੇ ਬਾਵਜੂਦ ਕਾਂਗਰਸ ਆਪਣੀ ਸਰਕਾਰ ਬਚਾਉਣ ਵਿੱਚ ਸਫ਼ਲ ਰਹੀ।

ਇਸ ਰਾਜਾਸ਼ਾਹੀ ਪਰਵਾਰ ਨੂੰ ਇਹ ਸਮਝ ਆ ਚੁੱਕੀ ਹੈ ਕਿ ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਦੀ ਸੋਚ ਵਿੱਚ ਆਈ ਨਵੀਂ ਤਬਦੀਲੀ ਤੋਂ ਬਾਅਦ ਉਨ੍ਹਾਂ ਦੇ ਰਾਜ ਕਰਨ ਦਾ ਸੁਫ਼ਨਾ ਪੂਰਾ ਹੋਣਾ ਹੁਣ ਸੰਭਵ ਨਹੀਂ। ਅਨੀਰੁੱਧ ਸਿੰਘ ਰਾਜ ਪਰਵਾਰ ਦੇ ਨੇੜੇ ਹਨ। ਉਹ ਹਿੰਦੂ ਸੰਗਠਨਾਂ ਵੱਲੋਂ ਲਾਏ ਧਰਨੇ ਵਿੱਚ ਵੀ ਸ਼ਾਮਲ ਹੋਏ ਸਨ। ਇਸ ਨਾਲ ਹਿੰਦੂ ਸੰਗਠਨਾਂ ਦੇ ਹੌਸਲੇ ਵਧ ਗਏ ਤੇ ਉਨ੍ਹਾਂ ਆਪਣੀ ਪੂਰੀ ਸ਼ਕਤੀ ਝੋਕ ਦਿੱਤੀ। ਬੀਤੇ ਦਿਨੀਂ ਸ਼ਿਮਲਾ ਵਿੱਚ ਉਹ ਪੂਰੀ ਤਾਕਤ ਨਾਲ ਪ੍ਰਦਰਸ਼ਨ ਕੱਢਣ ਵਿੱਚ ਕਾਮਯਾਬ ਰਹੇ। ਉਨ੍ਹਾਂ ਪੁਲਸ ਵੱਲੋਂ ਲਾਏ ਬੈਰੀਕੇਡ ਵੀ ਤੋੜ ਦਿੱਤੇ। ਜਾਪਦਾ ਹੈ ਕਿ ਇਹ ਮਾਮਲਾ ਜਲਦੀ ਠੰਢਾ ਹੋਣ ਵਾਲਾ ਨਹੀਂ। ਹਿੰਦੂ ਸੰਗਠਨਾਂ ਨੂੰ ਲਗਾਤਾਰ ਜਨ-ਸਮਰਥਨ ਮਿਲ ਰਿਹਾ ਹੈ। ਇਸ ਦਾ ਵੱਡਾ ਕਾਰਨ ਸੁੱਖੂ ਸਰਕਾਰ ਦਾ ਥੋੜ੍ਹੀ ਬਹੁਸੰਮਤੀ ਵਿੱਚ ਹੋਣਾ ਤੇ ਕਾਂਗਰਸ ਦਾ ਦੋ ਧੜਿਆਂ ਵਿੱਚ ਵੰਡੇ ਹੋਣਾ ਹੈ। ਇਸ ਮਸਜਿਦ ਦਾ ਮਾਮਲਾ ਸ਼ਿਮਲਾ ਨਗਰ ਨਿਗਮ ਦੀ ਅਦਾਲਤ ਵਿੱਚ ਚੱਲ ਰਿਹਾ ਹੈ। ਇਸ ਦਾ ਫੈਸਲਾ 5 ਅਕਤੂਬਰ ਨੂੰ ਆਉਣਾ ਹੈ, ਪਰ ਹਿੰਦੂਤਵੀ ਤੱਤਾਂ ਨੂੰ ਇਸ ਨਾਲ ਕੋਈ ਮਤਲਬ ਨਹੀਂ, ਉਨ੍ਹਾਂ ਦਾ ਮਕਸਦ ਤਾਂ ਸੁੱਖੂ ਸਰਕਾਰ ਨੂੰ ਡੇਗਣਾ ਹੈ।

ਇਸ ਸਮੇਂ ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਲਈ ਹਿਮਾਚਲ ਦਾ ਮਸਲਾ ਵੱਡੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਰਾਹੁਲ ਗਾਂਧੀ ਦੀ 'ਨਫ਼ਰਤ ਦੇ ਬਜ਼ਾਰ ਵਿੱਚ ਮੁਹੱਬਤ ਦੀ ਦੁਕਾਨ ਖੋਲ੍ਹਣ' ਦੀ ਗੱਲ ਹਿਮਾਚਲ ਵਿੱਚ ਖੁਦ ਕਾਂਗਰਸੀ ਹੀ ਝੁਠਲਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ। ਹਿਮਾਚਲ ਕਾਂਗਰਸ ਵਿੱਚ ਪੈਦਾ ਹੋਏ ਇਸ ਸੰਕਟ ਨੂੰ ਕੇਂਦਰੀ ਲੀਡਰਸ਼ਿਪ ਲਈ ਪਹਿਲ ਦੇ ਅਧਾਰ 'ਤੇ ਹੱਲ ਕਰਨਾ ਜ਼ਰੂਰੀ ਹੋ ਗਿਆ ਹੈ।

-ਚੰਦ ਫਤਿਹਪੁਰੀ

ਪਾਵਰਕਾਮ ਕਾਮਿਆਂ ਦਾ ਹੱਕੀ ਸੰਘਰਸ਼ ਅਤੇ 'ਐਸਮਾ'

ਨਰਾਇਣ ਦੱਤ

ਪਾਵਰਕਾਮ ਦੀਆਂ ਸੰਘਰਸ਼ਸ਼ੀਲ ਮੁਲਾਜ਼ਮ ਜਥੇਬੰਦੀਆਂ ਆਪਣੀਆਂ ਹੱਕੀ ਅਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੀਆਂ ਹਨ। ਧਰਨੇ, ਮੁਜ਼ਾਹਰੇ ਕਰਨ ਤੋਂ ਅੱਗੇ ਅਗਸਤ ਮਹੀਨੇ ਤੋਂ ਸ਼ੁਰੂ ਕੀਤਾ ਵਰਕ ਟੂ ਰੂਲ ਪੂਰੇ ਪੰਜਾਬ ਵਿੱਚ ਸਫਲਤਾ-ਪੂਰਵਕ ਚੱਲ ਰਿਹਾ ਹੈ। 1 ਸਤੰਬਰ ਨੂੰ ਹਜ਼ਾਰਾਂ ਬਿਜਲੀ ਕਾਮਿਆਂ ਨੇ ਬਿਜਲੀ ਮੰਤਰੀ ਦੀ ਅੰਮ੍ਰਿਤਸਰ ਰਿਹਾਇਸ਼ ਵੱਲ ਮਾਰਚ ਕਰਕੇ ਤਿੱਖੇ ਰੋਹ ਦਾ ਪ੍ਰਗਟਾਵਾ ਕੀਤਾ ਹੈ। ਯਾਦ ਰਹੇ ਕਿ ਬਿਜਲੀ ਕਾਮਿਆਂ ਦੀਆਂ ਮੰਗਾਂ ਪ੍ਰਤੀ ਪਾਵਰਕਾਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਨੇ ਲੰਬੇ ਸਮੇਂ ਤੋਂ ਘੋਸਲ ਮਾਰੀ ਹੋਈ ਹੈ। ਬਿਜਲੀ ਮੰਤਰੀ ਅਤੇ ਪਾਵਰਕਾਮ ਦੀ ਮੈਨੇਜਮੈਂਟ ਨੇ ਅਨੇਕਾਂ ਵਾਰ ਮੀਟਿੰਗਾਂ ਕਰਕੇ ਇਨ੍ਹਾਂ ਬੁਨਿਆਦੀ ਮੰਗਾਂ ਉੱਪਰ ਸਹਿਮਤੀ ਜਤਾਈ ਹੈ। ਹੁਣ ਇਨ੍ਹਾਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਹੋਰ ਵਧੇਰੇ ਦਬਾਅ ਲਾਮਬੰਦ ਕਰਨ ਲਈ ਪੂਰੇ ਪੰਜਾਬ ਦੇ ਬਿਜਲੀ ਮੁਲਾਜ਼ਮਾਂ ਦੁਆਰਾ ਤਿੰਨ ਦਿਨ (10-11 ਅਤੇ 12 ਸਤੰਬਰ) ਸਮੂਹਿਕ ਛੁੱਟੀ ਉੱਤੇ ਰਹੇ। ਇਸ ਸੰਘਰਸ਼ ਵਿੱਚ ਵੱਡੀ ਗਿਣਤੀ ਵਿੱਚ ਰੈਗੂਲਰ ਬਿਜਲੀ ਕਾਮਿਆਂ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਸ਼ਮੂਲੀਅਤ ਕਰ ਰਹੀਆਂ ਹਨ। ਇਹ ਕਾਫ਼ਲਾ ਆਏ ਦਿਨ ਵਿਸ਼ਾਲ ਹੁੰਦਾ ਜਾ ਰਿਹਾ ਹੈ। ਸਾਂਝੀਆਂ ਬੁਨਿਆਦੀ ਮੰਗਾਂ ਦੇ ਨਾਲ-ਨਾਲ ਇਸ ਸੰਘਰਸ਼ ਦੀ ਸਭ ਤੋਂ ਪੀੜਤ ਕੜੀ ਪਾਵਰਕਾਮ ਅੰਦਰ 15-15 ਸਾਲ ਤੋਂ ਨਿਗੂਣੀਆਂ ਉਜਰਤਾਂ ਅਤੇ ਠੇਕੇਦਾਰੀ ਪ੍ਰਬੰਧ ਅਧੀਨ ਕੰਮ ਕਰਦੇ ਹਜ਼ਾਰਾਂ ਸੀ ਐੱਚ ਬੀ ਕਾਮੇ ਇਸ ਸੰਘਰਸ਼ ਦੀ ਹਮਾਇਤ ਕਰ ਰਹੇ ਹਨ। ਇਸ ਤੋਂ ਇਲਾਵਾ ਪੈਸਕੋ ਰਾਹੀਂ ਵੀ ਅਨੇਕਾਂ ਕਾਮੇ ਅਜਿਹੀ ਹੀ ਹਾਲਤ ਵਿੱਚ ਨਿਗੂਣੀਆਂ ਉਜਰਤਾਂ ਅਤੇ ਭਵਿੱਖ ਦੀ ਬੇਯਕੀਨੀ ਦਾ ਸਫ਼ਰ ਹੰਢਾ ਰਹੇ ਹਨ। ਇਹ ਕਾਮੇ ਨਾ ਸਿਰਫ ਨਿਗੂਣੀਆਂ ਉਜਰਤਾਂ 'ਤੇ ਹੀ ਕੰਮ ਕਰਦੇ ਹਨ, ਸਗੋਂ ਸਭ ਤੋਂ ਵੱਧ ਖ਼ਤਰਨਾਕ ਹਾਲਤਾਂ ਵਿੱਚ ਕੰਮ ਕਰਦੇ ਹੋਣ ਕਰਕੇ ਬਿਜਲੀ ਹਾਦਸਿਆਂ ਦਾ ਸਭ ਤੋਂ ਵੱਧ ਸ਼ਿਕਾਰ ਇਹੀ ਕਾਮੇ ਹੁੰਦੇ ਹਨ। ਸਿਤਮ ਇਹ ਕਿ ਹਾਦਸਾ ਹੋਣ ਦੀ ਸੂਰਤ ਵਿੱਚ ਪਾਵਰਕਾਮ ਦੀ ਮੈਨੇਜਮੈਂਟ ਅਤੇ ਉੱਚ ਅਧਿਕਾਰੀ ਕਿਸੇ ਵੀ ਕਿਸਮ ਦੀ ਜ਼ਿੰਮੇਵਾਰੀ ਲੈਣ ਤੋਂ ਪਾਸਾ ਵੱਟ ਲੈਂਦੇ ਹਨ। ਅਖ਼ੀਰ ਇਨਸਾਫ਼ ਹਾਸਲ ਕਰਨ ਲਈ ਮੌਤ ਦੇ ਮੂੰਹ ਧੱਕ ਦਿੱਤੇ ਗਏ ਕਾਮੇ ਦੇ ਪਰਵਾਰ ਦੀ ਬਾਂਹ ਜਨਤਕ ਜਮਹੂਰੀ ਜਥੇਬੰਦੀਆਂ ਨੂੰ ਫੜਨੀ ਪੈਂਦੀ ਹੈ। ਬਿਜਲੀ ਕਾਮਿਆਂ ਦੀਆਂ ਕਰੰਟ ਨਾਲ ਝੁਲਸੀਆਂ ਲਾਸ਼ਾਂ ਕਈ-ਕਈ ਦਿਨ ਸੜਕਾਂ-ਚੌਰਾਹਿਆਂ 'ਤੇ ਰੁਲਦੀਆਂ ਹਨ। ਪ੍ਰਸ਼ਾਸਨਿਕ ਅਧਿਕਾਰੀਆਂ ਦੇ ਕੰਨਾਂ 'ਤੇ ਤਦ ਜਾ ਕੇ ਜੂੰ ਸਰਕਦੀ ਹੈ। ਖ਼ਤਰਨਾਕ ਹਾਲਤਾਂ ਵਿੱਚ ਕੰਮ ਕਰਨ ਦੇ ਬਾਵਜੂਦ ਮੈਨੇਜਮੈਂਟ ਗੀੜ੍ਹ ਦੀ ਹੱਡੀ ਸਮਝੇ ਜਾਂਦੇ ਇਨ੍ਹਾਂ ਕਾਮਿਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਸਭ ਤੋਂ ਮਹੱਤਵਪੂਰਨ ਮੰਗ ਬਿਜਲੀ ਕਾਮਿਆਂ ਦੀ ਇਹ ਹੈ ਕਿ ਕਰੰਟ ਲੱਗਣ ਕਾਰਨ ਮੌਤ ਹੋ ਜਾਣ ਵਾਲੇ ਕਾਮੇ ਨੂੰ ਸ਼ਹੀਦ ਦਾ ਦਰਜਾ ਦਿੱਤਾ ਜਾਵੇ ਅਤੇ ਇੱਕ ਕਰੋੜ ਦੀ ਰਾਸ਼ੀ ਸ਼ਹੀਦ ਬਿਜਲੀ ਕਾਮੇ ਦੇ ਪਰਵਾਰ ਨੂੰ ਅਦਾ ਕੀਤੀ ਜਾਵੇ।

ਬਿਜਲੀ ਕਾਮਿਆਂ ਦੀ ਤਰੱਕੀ ਲਈ ਕੋਈ ਇੱਕਸਾਰ ਪੈਮਾਨਾ ਨਹੀਂ ਹੈ। ਅਧਿਕਾਰੀਆਂ ਦੇ ਪੱਧਰ 'ਤੇ ਤਰੱਕੀ ਲਈ ਮਾਪਦੰਡ ਹੋਰ ਹਨ, ਤੀਜਾ ਅਤੇ ਚੌਥਾ ਦਰਜਾ ਕਾਮਿਆਂ ਲਈ ਤਰੱਕੀ ਦੇ ਮਾਪਦੰਡ ਹੋਰ ਹਨ। ਜਥੇਬੰਦਕ ਤਾਕਤ ਦੇ ਜ਼ੋਰ ਹਾਸਲ ਕੀਤਾ ਸਮਾਂਬੱਧ ਤਰੱਕੀ ਸਕੇਲ ਵੀ ਇੱਕ ਤਰ੍ਹਾਂ ਨਾਲ ਖੋਹਣ ਦੇ ਰਾਹ ਪੈ ਤੁਰੀ ਹੈ। ਸਗੋਂ 2020 ਤੋਂ ਬਾਅਦ ਭਰਤੀ ਹੋਏ ਕਾਮਿਆਂ ਉੱਪਰ ਜਬਰੀ ਸੱਤਵਾਂ ਤਨਖਾਹ ਸਕੇਲ ਲਾਗੂ ਕਰਕੇ ਉਨ੍ਹਾਂ ਨੂੰ ਹਰ ਕਿਸਮ ਦੇ ਵਿੱਤੀ ਲਾਭਾਂ ਤੋਂ ਵਾਂਝੇ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਵੱਧ ਕੰਮ ਭਾਰ ਰਾਹੀਂ ਘੱਟ ਉਜਰਤਾਂ 'ਤੇ ਕੰਮ ਲੈਣ ਦੀ ਨੀਤੀ ਉੱਪਰ ਪਾਵਰਕਾਮ ਦੀ ਮੈਨੇਜਮੈਂਟ ਚੱਲ ਰਹੀ ਹੈ। ਅਜਿਹੇ ਹਾਲਾਤ ਵਿੱਚ ਪਾਵਰਕਾਮ ਦੇ ਕਾਮੇ ਬੇਹੱਦ ਤਣਾਅ ਵਾਲੀਆਂ ਹਾਲਤਾਂ ਵਿੱਚੋਂ ਲੰਘ ਰਹੇ ਹਨ।

ਇੱਕ ਪਾਸੇ ਪਾਵਰਕਾਮ ਦੀ ਮੈਨੇਜਮੈਂਟ ਦਾ ਅਜਿਹਾ ਰੁਖ ਅਤੇ ਦੂਜੇ ਪਾਸੇ ਬਸੰਤੀ ਪੱਗਾਂ ਬੰਨ੍ਹ ਕੇ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਢਾਈ ਸਾਲ ਪਹਿਲਾਂ ਗੱਦੀ ਨਸ਼ੀਨ ਹੋਣ ਮੌਕੇ ਸਹੁੰ ਚੁੱਕਣ ਵਾਲੀ ਭਗਵੰਤ ਮਾਨ ਸਰਕਾਰ ਦੇ ਹਰੇ ਪੈੱਨ ਦੀ ਸਿਆਹੀ ਨੂੰ ਸੋਕਾ ਪੈ ਗਿਆ ਹੈ। ਜਿਨ੍ਹਾਂ ਗੱਜ-ਵੱਜ ਕੇ ਐਲਾਨ ਕੀਤਾ ਸੀ ਕਿ ਸਭ ਤੋਂ ਪਹਿਲਾਂ ਹਰਾ ਪੈੱਨ ਦਫਾਕਿਆ ਬੱਧੀ ਸਮੇਂ ਤੋਂ ਠੇਕੇਦਾਰੀ/ਆਊਟਸੋਰਸ ਅਧੀਨ ਕੰਮ ਕਰਦੇ ਕਾਮਿਆਂ ਨੂੰ ਪੱਕਿਆਂ ਕਰਨ ਲਈ ਵਰਤਿਆ ਜਾਵੇਗਾ, ਪਰ ਢਾਈ ਸਾਲ ਤੋਂ ਵੱਧ ਸਮਾਂ ਬੀਤ ਜਾਣ ਬਾਅਦ ਵੀ ਪਰਨਾਲਾ ਉੱਥੇ ਦਾ ਉੱਥੇ ਹੀ ਹੈ। ਇਨ੍ਹਾਂ ਕਾਮਿਆਂ ਨਾਲ ਅਕਾਲੀ-ਭਾਜਪਾ ਸਰਕਾਰ, ਕਾਂਗਰਸ ਸਰਕਾਰ ਅਤੇ ਹੁਣ ਆਮ ਅਦਾਮੀ ਦੀ ਸਰਕਾਰ ਨੇ ਲਾਰਿਆਂ ਤੋਂ ਸਿਵਾਏ ਕੁੱਝ ਨਹੀਂ ਦਿੱਤਾ। ਉੱਪਰੋਂ ਹਰ ਰੋਜ਼ ਲੱਖਾਂ ਰੁਪਏ ਦੇ ਰੁਜ਼ਗਾਰ ਦੇ ਅਖਬਾਰਾਂ ਵਿੱਚ ਦਿੱਤੇ ਜਾਂਦੇ ਇਸ਼ਤਿਹਾਰ ਇਨ੍ਹਾਂ ਕਾਮਿਆਂ ਦਾ ਮੂੰਹ ਚਿੜਾਉਂਦੇ ਹਨ। ਇੱਕ ਪਾਸੇ ਇਹ ਹਾਲਾਤ ਹੈ ਤਾਂ ਦੂਜੇ ਪਾਸੇ ਸਭ ਤੋਂ ਮਹੱਤਵਪੂਰਨ ਕੜੀ ਤਕਨੀਕੀ ਕਾਮਿਆਂ ਵਜੋਂ ਸਹਾਇਕ ਲਾਈਨਮੈਨ, ਲਾਈਨਮੈਨ, ਜੇ ਈ, ਐਸ ਐਸ ਏ ਦਰਜਾ ਚਾਰ ਆਦਿ ਕੈਟਾਗਰੀਆਂ ਆਉਂਦੀਆਂ ਹਨ। ਇਨ੍ਹਾਂ ਕੈਟਾਗਰੀਆਂ ਦੀਆਂ ਅੱਧਿਉਂ ਵੱਧ ਅਸਾਮੀਆਂ ਖਾਲੀ ਪਈਆਂ ਹਨ। ਲਾਈਨਮੈਨ ਕੈਟਾਗਰੀ ਦੀਆਂ 60 % ਤੋਂ ਵਧੇਰੇ ਅਸਾਮੀਆਂ ਖਾਲੀ ਪਈਆਂ ਹਨ। ਇਸ ਤਰ੍ਹਾਂ ਕੰਮ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਹੁਣ ਜਦੋਂ ਪਾਣੀ ਸਿਰੋਂ ਲੰਘ ਚੁੱਕਾ ਹੈ ਤਾਂ ਇਨ੍ਹਾਂ ਕਾਮਿਆਂ ਨੇ ਤਿੱਖੇ ਅਤੇ ਫੈਸਲਾਕੁਨ ਸੰਘਰਸ਼ ਦਾ ਬਿਗਲ ਵਜਾ ਦਿੱਤਾ ਹੈ। ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਭਗਵੰਤ ਮਾਨ ਸਰਕਾਰ ਨੇ ਇਸ ਸੰਘਰਸ਼ ਨੂੰ ਵਰਗੇ ਬਦਨਾਮ ਕਾਲੇ ਕਾਨੂੰਨ ਰਾਹੀਂ ਕੁਚਲਣ ਦਾ ਭਰਮ ਪਾਲ ਲਿਆ ਹੈ। ਲੋਕਾਂ ਵਿੱਚ ਆਪਣਾ ਲੋਕ ਪੱਖੀ ਸਰਕਾਰ ਹੋਣ ਦਾ ਭਰਮ ਪਾਲਦੀ ਸਰਕਾਰ ਨੇ ਵੀ ਪਿਛਲੀਆਂ ਸਰਕਾਰਾਂ ਨਾਲੋਂ ਵੀ ਦੋ ਕਦਮ ਅੱਗੇ ਜਾਂਦਿਆਂ ਹਰ ਤਬਕੇ ਦੇ ਹੱਕੀ ਸੰਘਰਸ਼ ਨੂੰ ਕੁਚਲਣ ਦਾ ਕੁਲਹਿਣਾ ਵਰਤਾਰਾ ਸ਼ੁਰੂ ਕੀਤਾ ਹੋਇਆ ਹੈ। ਹਰ ਰੋਜ਼ ਮੁੱਖ ਮੰਤਰੀ ਅਤੇ ਮੰਤਰੀਆਂ ਦੀਆਂ ਰਿਹਾਇਸ਼ਾਂ ਵੱਲ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਦੇ ਕਾਫ਼ਲਿਆਂ ਨੂੰ ਸੜਕਾਂ 'ਤੇ ਘਸੀਟਣ ਤੋਂ ਰਤੀ ਭਰ ਵੀ ਸ਼ਰਮ ਮਹਿਸੂਸ ਨਹੀਂ ਕਰ ਰਹੀ। ਗੱਲ ਕੀ, ਹਕੂਮਤੀ ਡੰਡਾ ਪੂਰੀ ਢੀਠਤਾਈ ਨਾਲ ਵਾਹਿਆ ਜਾ ਰਿਹਾ ਹੈ।

ਇਸੇ ਕੜੀ ਵਿੱਚੋਂ ਹੀ ਬਿਜਲੀ ਕਾਮਿਆਂ ਦੇ ਹੱਕੀ ਸੰਘਰਸ਼ ਨੂੰ ਦਬਾਉਣ, ਕੁਚਲਣ ਲਈ ਬਦਨਾਮ 'ਐਸਮਾ' ਕਾਨੂੰਨ ਲਾਗੂ ਕੀਤਾ ਜਾ ਰਿਹਾ ਹੈ। ਐਸਮਾ ਕਾਨੂੰਨ (ਜ਼ਰੂਰੀ ਸੇਵਾਵਾਂ ਬਹਾਲ ਰੱਖਣ ਦਾ ਐਕਟ) ਉੱਠਣ ਵਾਲੀਆਂ ਲੋਕਾਂ ਦੀਆਂ ਬਗਾਵਤਾਂ ਨੂੰ ਰੋਕਣ ਲਈ ਬਣਾਇਆ ਗਿਆ ਸੀ, ਪਰ ਅਧੌਤੀ ਆਜ਼ਾਦੀ ਦੇ 77 ਸਾਲ ਬੀਤ ਜਾਣ ਬਾਅਦ ਵੀ ਇਨ੍ਹਾਂ ਸਾਮਰਾਜੀਆਂ ਦੇ ਦਲਾਲ ਭਾਰਤੀ ਹਾਕਮਾਂ ਵੱਲੋਂ ਬੇਰੋਕਟੋਕ ਜਾਰੀ ਰੱਖਿਆ ਹੋਇਆ ਹੈ। ਅਸੈਂਸੀਅਲ ਸਰਵਿਸਿਜ਼ ਮੇਨਟੇਨੈਂਸ ਐਕਟ, 1968 ਦਾ ਐਕਟ ਨੰ. 59, 28 ਦਸੰਬਰ, 1968 ਨੂੰ ਹੋਂਦ ਵਿੱਚ ਲਿਆਂਦਾ ਗਿਆ ਸੀ, ਦੇ ਰੂਪ ਵਿੱਚ, ਸਰਕਾਰ ਕੋਲ ਇੱਕ ਹਥਿਆਰ ਹੈ ਜਿਸ ਨਾਲ ਉਹ ਜਦੋਂ ਚਾਹੇ, ਮਜ਼ਦੂਰਾਂ ਦੇ ਅੰਦੋਲਨ ਨੂੰ ਕੁਚਲ ਸਕਦੀ ਹੈ, ਖਾਸ ਕਰਕੇ ਹੜਤਾਲਾਂ 'ਤੇ ਪਾਬੰਦੀ ਲਗਾ ਕੇ ਅਤੇ ਮਜ਼ਦੂਰ ਨੇਤਾਵਾਂ ਨੂੰ ਬਿਨਾਂ ਵਾਰੰਟ ਤੋਂ ਗ੍ਰਿਫਤਾਰ ਕਰਕੇ। ਜੇਕਰ ਕੋਈ ਕਰਮਚਾਰੀ ਲਾਗੂ ਹੋਣ ਤੋਂ ਬਾਅਦ ਹੜਤਾਲ ਵਿੱਚ ਸ਼ਾਮਲ ਹੁੰਦਾ ਹੈ ਤਾਂ ਇਸ ਨੂੰ ਗੈਰ-ਕਾਨੂੰਨੀ ਅਤੇ ਸਜ਼ਾਯੋਗ ਮੰਨਿਆ ਜਾਂਦਾ ਹੈ। ਹਾਲਾਂਕਿ ਇੱਕ ਕੇਂਦਰੀ ਕਾਨੂੰਨ ਹੈ ਜੋ 1968 ਵਿੱਚ ਲਾਗੂ ਕੀਤਾ ਗਿਆ ਸੀ, ਪਰ ਰਾਜ ਸਰਕਾਰਾਂ ਇਸ ਕਾਨੂੰਨ ਨੂੰ ਲਾਗੂ ਕਰਨ ਲਈ ਆਜ਼ਾਦ ਹਨ। ਇਸ ਲੋਕ ਵਿਰੋਧੀ ਕਾਲੇ ਕਾਨੂੰਨ ਦੀ ਵਰਤੋਂ ਕੇਂਦਰੀ ਅਤੇ ਸੂਬਾਈ ਸਰਕਾਰਾਂ ਤੂਫਾਨੀ ਵੇਗ ਨਾਲ ਉੱਠਣ ਵਾਲੇ ਸੰਘਰਸ਼ਾਂ ਨੂੰ ਕੁਚਲਣ ਦਾ ਭਰਮ ਪਾਲਦਿਆਂ ਅਨੇਕਾਂ ਵਾਰ ਕਰ ਚੁੱਕੀਆਂ ਹਨ। ਹਕੀਕਤ ਇਹ ਵੀ ਹੈ ਕਿ ਹਰ ਵਾਰ ਹਾਕਮਾਂ ਨੂੰ ਮੂੰਹ ਦੀ ਖਾਣੀ ਪਈ ਹੈ।

ਪਰ ਸਦਕੇ ਜਾਈਏ ਬਿਜਲੀ ਕਾਮਿਆਂ ਦੀਆਂ ਦ੍ਰਿੜ੍ਹ, ਜੁਝਾਰੂ ਵਿਰਸੇ ਦੀਆਂ ਮਾਲਕ ਸੰਘਰਸ਼ਸ਼ੀਲ ਜਥੇਬੰਦੀਆਂ ਦੇ, ਜਿਨ੍ਹਾਂ ਜਾਬਰ ਹਕੂ

13-SEP-PAGE-5.qxd 9/12/2024 10:59 PM Page 1

ਬਿਜਲੀ ਕਰਮਚਾਰੀਆਂ ਵੱਲੋਂ ਤੀਜੇ ਦਿਨ ਵੀ ਮੰਗਾਂ ਨੂੰ ਲੈ ਕੇ ਰੋਹ ਭਰਪੂਰ ਪ੍ਰਦਰਸ਼ਨ

ਫਿਰੋਜ਼ਪੁਰ

ਮੱਖੂ

ਰਾਜਪੁਰਾ

ਮਲੋਟ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸਰਕਲ ਫਿਰੋਜ਼ਪੁਰ ਵਿਖੇ ਪੀਐੱਸਈਬੀ ਇੰਪਲਾਈਜ਼ ਜੁਆਇੰਟ ਫੋਰਮ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਤੇ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ ਦੇ ਸੱਦੇ 'ਤੇ ਲਗਾਤਾਰ ਤੀਜੇ ਦਿਨ ਵੀ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ। ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਬਿਜਲੀ ਮੁਲਾਜ਼ਮ ਲਗਾਤਾਰ ਸੰਘਰਸ਼ ਦੇ ਰਾਹ 'ਤੇ ਹਨ ਤੇ ਆਪਣਾ ਰੋਸ ਪ੍ਰਦਰਸ਼ਨ ਕਰ ਰਹੇ ਹਨ।ਸਰਕਲ ਫਿਰੋਜ਼ਪੁਰ ਵਿੱਚ ਲੱਗੇ ਧਰਨੇ ਦੀ ਪ੍ਰਧਾਨਗੀ ਸਾਥੀ ਰਜੇਸ਼ ਦੇਵਗਨ ਨੇ ਕੀਤੀ।ਧਰਨੇ ਨੂੰ ਸੰਬੋਧਨ ਕਰਦੇ ਹੋਏ ਵੱਖ ਵੱਖ ਬੁਲਾਰੇ ਸਾਥੀਆਂ ਨੇ ਕਿਹਾ ਕਿ ਮੈਨੇਜਮੈਂਟ ਤੇ ਪੰਜਾਬ ਸਰਕਾਰ ਜ਼ਬਰਦਸਤੀ ਕਲਰਕ ਤੇ ਸੇਵਾਦਾਰ ਤੋਂ ਬਿਜਲੀ ਘਰਾਂ ਵਿੱਚ ਡਿਊਟੀ ਲੈ ਰਹੀ ਹੈ। ਭੋਗਪੁਰ ਡਵੀਜ਼ਨ ਵਿੱਚ ਇੱਕ ਲਾਇਨਮੈਨ ਸਾਥੀ ਵੱਲੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਕਾਰਨ ਸਾਥੀ ਨੇ ਖੁਦਕਸ਼ੀ ਕਰ ਲਈ ਹੈ।ਜਥੇਬੰਦੀ ਮੰਗ ਕਰਦੀ ਹੈ ਉਸ ਸਾਥੀ ਨੂੰ ਸ਼ਹੀਦ ਦਾ ਦਰਜਾ ਦੇ ਕੇ ਇੱਕ ਕਰੋੜ ਦੀ ਰਾਸ਼ੀ ਦਿੱਤੀ ਜਾਵੇ।ਧਰਨੇ ਨੂੰ ਕੁਲਵੰਤ ਸਿੰਘ, ਸੁਭਾਸ਼ ਚੰਦਰ, ਗੁਰਦੇਵ ਸਿੰਘ, ਸਰਕਲ ਪ੍ਰਧਾਨ ਅਸ਼ਵਨੀ ਕੁਮਾਰ, ਸਰਕਲ ਪ੍ਰਧਾਨ ਜਗਤਾਰ ਸਿੰਘ, ਰਮਨਦੀਪ ਸਿੰਘ, ਅਮੋਲਕ ਸਿੰਘ, ਰਵੀ ਸ਼ਰਮਾ, ਤਰਲੋਚਨ ਸਿੰਘ, ਅਵਤਾਰ ਸਿੰਘ, ਰਜਿੰਦਰ ਸ਼ਰਮਾ, ਰੇਸ਼ਮ ਸਿੰਘ ਆਦਿ ਨੇ ਪਾਵਰਕਾਮ ਦੀ ਮੈਨੇਜਮੈਂਟ ਤੇ ਪੰਜਾਬ ਸਰਕਾਰ ਨਿੰਦਾ ਕੀਤੀ ਤੇ ਕਿਹਾ ਕਿ ਪਾਵਰਕਾਮ ਦੀ ਮੈਨੇਜਮੈਂਟ ਤੇ ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਟਾਲ ਮਟੋਲ ਕੀਤਾ ਜਾ ਰਿਹਾ ਹੈ, ਜਿਸ ਦਾ ਬਿਜਲੀ ਮੁਲਾਜ਼ਮਾਂ ਵਿੱਚ ਕਾਫੀ ਰੋਸ ਪਾਇਆ ਜਾ ਰਿਹਾ ਹੈ।ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਦੇ ਅੜੀਅਲ ਰਵੱਈਏ ਕਾਰਨ ਬਿਜਲੀ ਮੁਲਾਜ਼ਮਾਂ ਨੇ ਸੰਘਰਸ਼ ਨੂੰ ਹੋਰ ਤੇਜ਼ ਕਰਦੇ ਹੋਏ 13 ਸਤੰਬਰ ਤੋਂ 17 ਸਤੰਬਰ ਤੱਕ ਸਮੂਹਕ ਛੁੱਟੀ 'ਤੇ ਜਾਣ ਦਾ ਫੈਸਲਾ ਕੀਤਾ ਹੈ, ਜਿਸ ਦੇ ਨਿਕਲਣ ਵਾਲੇ ਸਿੱਟਿਆਂ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਦੀ ਹੋਵੇਗੀ।ਇਸ ਰੋਸ ਧਰਨੇ ਨੂੰ ਰਿਟਾਇਰੀ ਸਾਥੀ ਗੁਰਦਿੱਤ ਸਿੰਘ, ਸ਼ਾਮ ਸਿੰਘ, ਚੰਨਣ ਸਿੰਘ, ਸੀ ਐੱਚ ਬੀ ਪ੍ਰਧਾਨ ਵਿਸ਼ਾਲ ਤੇਜ਼ੀ ਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਸੁਰਜੀਤ ਸ਼ਰਮਾ ਨੇ ਸੰਬੋਧਨ ਪੰਜਾਬ ਸਰਕਾਰ ਤੇ ਮੈਨੇਜਮੈਂਟ ਤੁਰੰਤ ਮੀਟਿੰਗ ਦੇ ਕੇ ਮੰਗਾਂ ਮਸਲੇ ਹੱਲ ਕਰੇ ਨਹੀਂ ਤਾਂ ਆਉਣ ਵਾਲੇ ਦਿਨਾਂ ਵਿੱਚ ਸਰਕਾਰ ਦੇ ਕਿਸੇ ਵੀ ਲੀਡਰ ਨੂੰ ਸਟੇਜ ਤੋਂ ਬੋਲਣ ਨਹੀਂ ਦਿੱਤਾ ਜਾਵੇਗਾ।ਧਰਨਾ ਦੇਣ ਤੋਂ ਬਾਅਦ ਸਾਰੇ ਬਿਜਲੀ ਕਾਮਿਆਂ ਨੇ ਫਿਰੋਜ਼ਪੁਰ ਛਾਉਣੀ 'ਚ ਰੋਸ ਮਾਰਚ ਕਰਕੇ ਸਰਕਾਰ ਨੂੰ ਸੰਘਰਸ਼ ਨੂੰ ਤਿੱਖਾ ਕਰਨ ਦੀ ਚਿਤਾਵਨੀ ਦਿੱਤੀ।ਅੱਜ ਦੇ ਇਸ ਧਰਨੇ ਦੀ ਸਟੇਜ ਦੀ ਕਾਰਵਾਈ ਰਾਜੇਸ਼ ਦੱਤਾ ਨੇ ਚਲਾਈ।

ਮੱਖੂ (ਰਛਪਾਲ ਸਿੰਘ ਸੰਧੂ) : ਪਾਵਰ ਮੈਨੇਜਮੈਂਟ ਤੇ ਪੰਜਾਬ ਸਰਕਾਰ ਵੱਲੋਂ ਬਿਜਲੀ ਕਾਮਿਆਂ ਦੀਆਂ 15 ਜਾਇਜ਼ ਮੰਗਾਂ ਵੱਟੇ ਖਾਤੇ ਪਾਉਣ ਖਿਲਾਫ਼ ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਤੇ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼ ਦੇ ਸੱਦੇ 'ਤੇ ਟੈਕਨੀਕਲ ਸਰਵਿਸਿਜ਼ ਯੂਨੀਅਨ ਦੇ ਸਾਰੇ ਬਿਜਲੀ ਕਾਮਿਆਂ ਵੱਲੋਂ ਸਮੂਹਕ ਛੁੱਟੀ ਦੇ ਤੀਸਰੇ ਦਿਨ ਵੀ ਮੱਖੂ ਦਫ਼ਤਰ ਦੇ ਗੇਟ 'ਤੇ ਰੋਸ ਰੈਲੀ ਸ/ਡ ਮੀਤ ਪ੍ਰਧਾਨ ਜਸਬੀਰ ਸਿੰਘ ਪੱਟੀ ਦੀ ਪ੍ਰਧਾਨਗੀ ਹੇਠ ਕੀਤੀ।ਇਸ ਰੋਸ ਰੈਲੀ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਡਿਵੀਜ਼ਨ ਪ੍ਰਧਾਨ ਸੁਖਦੇਵ ਸਿੰਘ ਲੋਹਕਾ ਨੇ ਦੱਸਿਆ ਕਿ 31 ਜੁਲਾਈ ਦੀ ਮੀਟਿੰਗ ਵਿੱਚ ਮੁਲਾਜ਼ਮਾਂ ਦੀਆਂ ਮੰਗਾਂ 'ਤੇ ਹੋਈ ਸਹਿਮਤੀਆਂ ਅਨੁਸਾਰ ਡਿਊਟੀ ਦੌਰਾਨ ਘਾਤਕ ਹਾਦਸੇ ਦਾ ਸ਼ਿਕਾਰ ਹੋਏ ਬਿਜਲੀ ਕਾਮਿਆਂ ਦੇ ਪੀੜਤ ਪਰਵਾਰਾਂ ਨੂੰ ਇਕ ਕਰੋੜ ਦੀ ਮੁਆਵਜ਼ਾ ਰਾਸ਼ੀ ਦੇਣ ਸਮੇਤ ਕਾਮੇ ਨੂੰ ਸ਼ਹੀਦ ਦਾ ਦਰਜਾ ਦੇਣ, ਹਾਦਸੇ ਦਾ ਸ਼ਿਕਾਰ ਹੋਏ ਕਾਮੇ ਨੂੰ ਕੈਸ਼ਲੈਸ ਇਲਾਜ ਦੀ ਸੁਵਿਧਾ ਲਾਗੂ ਕਰਨ, ਹਾਦਸੇ ਦੌਰਾਨ ਕਰਮਚਾਰੀ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ ਸਬੰਧਤ ਕਰਮਚਾਰੀ (ਜੇ ਈ, ਲ.ਮ, ਸ.ਲ.ਮ ਆਦਿ) ਦੇ ਨਾਂ ਉੱਪਰ ਬਿਨਾਂ ਪੜਤਾਲ ਕੀਤੇ ਐਫ ਆਈ ਆਰ ਦਰਜ ਕਰਨ ਦੀ ਪਿਰਤ ਬੰਦ ਕਰਨ, ਹਜ਼ਾਰਾਂ ਦੀ ਗਿਣਤੀ ਵਿੱਚ ਖਾਲੀ ਪਈਆਂ ਅਸਾਮੀਆਂ ਰੈਗੂਲਰ ਭਰਤੀ ਰਾਹੀਂ ਭਰਨ, 17 ਜੁਲਾਈ 2020 ਤੋਂ ਪਹਿਲਾਂ ਤਰਸ ਦੇ ਆਧਾਰ 'ਤੇ ਪ੍ਰਤੀ ਬੇਨਤੀ ਦੇਣ ਵਾਲੇ ਕਰਮਚਾਰੀਆਂ ਉੱਪਰ ਬਿਜਲੀ ਨਿਗਮ ਦੇ ਸਕੇਲ ਲਾਗੂ ਕਰਨ ਤੇ ਵਿੱਤ ਵਿਭਾਗ ਪੰਜਾਬ ਸਰਕਾਰ ਨਾਲ ਸਬੰਧਤ ਮਸਲੇ ਹੱਲ ਕਰਨ ਆਦਿ ਮੰਗਾਂ ਲਾਗੂ ਕਰਨ ਦੀ ਥਾਂ ਵਰਕ ਟੂ ਰੂਲ ਅਨੁਸਾਰ ਡਿਊਟੀ ਕਰ ਰਹੇ ਮੁਲਾਜ਼ਮਾਂ ਨੂੰ ਐਸਮਾਂ ਵਰਗੇ ਕਾਲੇ ਕਾਨੂੰਨਾਂ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਜਿਸ ਕਰਕੇ ਬਿਜਲੀ ਮੁਲਾਜ਼ਮਾਂ ਵਿੱਚ ਭਾਰੀ ਰੋਸ ਹੈ ਅਤੇ ਮੈਨੇਜਮੈਂਟ/ਪੰਜਾਬ ਸਰਕਾਰ ਪ੍ਰਤੀ ਬੇਵਿਸ਼ਵਾਸੀ ਦਾ ਮਾਹੌਲ ਹੈ, ਇਸ ਲਈ ਬਿਜਲੀ ਕਾਮੇ 21 ਅਗਸਤ ਤੋਂ ਲਗਾਤਾਰ ਵਰਕ ਟੂ ਰੂਲ ਤਹਿਤ ਅਪਣੀ ਬਣਦੀ 8 ਘੰਟੇ ਦੀ ਡਿਊਟੀ ਹੀ ਕਰ ਰਹੇ ਸਨ।ਰੋਸ ਰੈਲੀ ਵਿੱਚ ਹੋਰਨਾਂ ਤੋਂ ਇਲਾਵਾ ਬਲਕਾਰ ਸਿੰਘ ਮੁੱਖ ਸਲਾਹਕਾਰ, ਗੁਰਪ੍ਰੀਤ ਸਿੰਘ ਹੱਲਣ ਸਹਾਇਕ ਕੈਸ਼ੀਅਰ, ਦਲੇਰ ਸਿੰਘ ਲਾਈਨਮੈਨ ਮੱਖੂ ਆਦਿ ਨੇ ਬਿਜਲੀ ਨਿਗਮ ਦੀ ਮੈਨੇਜਮੈਂਟ/ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਟਕਰਾਅ ਦੀ ਨੀਤੀ ਛੱਡ ਕੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਜਲਦੀ ਲਾਗੂ ਨਾ ਕੀਤੀਆਂ ਗਈਆਂ ਤਾਂ ਇਸ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਵੱਖ ਵੱਖ ਆਗੂਆਂ ਨੇ ਸਮੁੱਚੇ ਬਿਜਲੀ ਕਾਮਿਆਂ/ਭਰਾਤਰੀ ਤੇ ਪੈਨਸ਼ਨਰ ਜਥੇਬੰਦੀਆਂ ਨੂੰ ਇਸ ਸਾਂਝੇ ਸੰਘਰਸ਼ ਨੂੰ ਕਾਮਯਾਬ ਬਣਾਉਣ ਲਈ ਅਪਣਾ ਬਣਦਾ ਯੋਗਦਾਨ ਪਾਉਣ ਦੀ ਪੁਰਜ਼ੋਰ ਅਪੀਲ ਕੀਤੀ।ਇਸ ਰੋਸ ਰੈਲੀ ਵਿੱਚ ਸਾਥੀ ਜੀਵਨਜੀਤ ਸਿੰਘ ਸਕੱਤਰ, ਗੁਰਮੀਤ ਸਿੰਘ ਸਰਵਣ ਸਿੰਘ, ਗੁਰਬਾਜ ਸਿੰਘ, ਭੁਪਿੰਦਰ ਸਿੰਘ, ਸੁਰਿੰਦਰ ਸਿੰਘ, ਕਰਨੈਲ ਸਿੰਘ ਮਾਲੜਾ, ਕੁਲਵੰਤ ਸਿੰਘ, ਸੁਖਚੈਨ ਸਿੰਘ ਆਦਿ ਸ਼ਾਮਲ ਹੋਏ।

ਪਾਤੜਾਂ

ਰਾਜਪੁਰਾ (ਰਮੇਸ਼ ਕਟਾਰੀਆ) : ਮੁਲਾਜ਼ਮ ਸਾਂਝਾ ਫੋਰਮ ਪੰਜਾਬ ਦੇ ਸੱਦੇ 'ਤੇ ਸੈਂਕੜੇ ਮੁਲਾਜ਼ਮਾਂ, ਪੈਨਸ਼ਨਰਾਂ ਨੇ ਸਾਂਝੇ ਤੌਰ 'ਤੇ ਵਿਸ਼ਾਲ ਧਰਨਾ ਦਿੱਤਾ ਗਿਆ। ਲਗਾਤਾਰ 10 ਤਾਰੀਖ ਤੋਂ ਪੰਜਾਬ ਦੇ ਮੁਲਾਜ਼ਮ ਹੜਤਾਲ 'ਤੇ ਚੱਲ ਰਹੇ ਹਨ। ਅਫ਼ਸੋਸ ਨਾਲ ਦੱਸਿਆ ਜਾਂਦਾ ਹੈ ਕਿ ਪਾਵਰਕਾਮ ਦੀ ਮੈਨੇਜਮੈਂਟ ਨੇ ਮੰਨੀਆਂ ਮੰਗਾਂ ਵੀ ਲਾਗੂ ਨਹੀਂ ਕਰ ਰਹੀ ਭਰੋਸੇਯੋਗ ਸੂਤਰਾਂ ਰਾਹੀਂ ਪਤਾ ਚੱਲਿਆ ਹੈ ਕਿ ਹੜਤਾਲ਼ 16 ਤਾਰੀਖ ਤੱਕ ਹੋਰ ਵਧਾ ਦਿੱਤੀ ਗਈ ਹੈ, ਮੁਲਾਜ਼ਮ ਕਰੋ ਜਾਂ ਮਰੋ ਲਈ ਤਿਆਰੀ 'ਚ ਹਨ। ਧਰਨੇ ਦੀ ਜਾਣਕਾਰੀ ਦਿੰਦੇ ਹੋਏ ਚਰਨ ਸਿੰਘ ਪ੍ਰਧਾਨ ਪੈਨਸ਼ਨਰ ਯੂਨੀਅਨ ਸਰਕਲ ਪਟਿਆਲਾ ਨੇ ਦੱਸਿਆ ਕਿ ਜਦੋਂ ਤੱਕ ਮੈਨੇਜਮੈਂਟ ਸਾਰੀਆਂ ਮੰਗਾਂ ਪੂਰੀਆਂ ਨਹੀਂ ਕਰਦੀ ਸੰਘਰਸ਼ ਹੋਰ ਤਿੱਖਾ ਹੋਵੇਗਾ। ਧਰਨੇ ਨੂੰ ਜੀਵਨ ਸਿੰਘ ਪ੍ਰਧਾਨ ਰਾਜਪੁਰਾ, ਕਮਲਜੀਤ ਸਿੰਘ ਸਕੱਤਰ ਪੈਨਸ਼ਨਰ ਯੂਨੀਅਨ ਰਾਜਪੁਰਾ, ਪੈਨਸ਼ਨਰ ਐਸੋਸੀਏਸ਼ਨ ਤੋਂ ਕਰਨੈਲ ਸਿੰਘ ਠਰੜੂ, ਸੁਨੀਲ ਕੁਮਾਰ, ਪੈਨਸ਼ਨਰ ਐਸੋਸੀਏਸ਼ਨ ਲੀਡਰ ਸੁਖਦੇਵ ਸਿੰਘ ਪ੍ਰਧਾਨ ਟੀ ਐੱਸ ਯੂ ਰਾਜਪੁਰਾ ਤੇ ਰਾਜਿੰਦਰ ਸਿੰਘ ਮੀਤ ਪ੍ਰਧਾਨ ਪੈਨਸ਼ਨਰ ਯੂਨੀਅਨ ਪੰਜਾਬ ਨੇ ਉਚੇਚੇ ਤੌਰ 'ਤੇ ਸੰਬੋਧਨ ਕੀਤਾ।

ਮਲੋਟ (ਗੁਰਮੀਤ ਸਿੰਘ ਮੱਕੜ) : ਪਾਵਰਕਾਮ ਦੀਆਂ ਵੱਖ-ਵੱਖ ਜਥੇਬੰਦੀਆਂ ਸਾਂਝਾ ਫੋਰਮ ਏਕਤਾ ਮੰਚ ਦੇ ਸੱਦੇ 'ਤੇ ਟੈਕਨੀਕਲ ਸਰਵਿਸ ਯੂਨੀਅਨ ਭੰਗਲ, ਐੱਮ.ਐੱਸ.ਯੂ. ਜੂਨੀਅਨ ਇੰਜੀਨੀਅਰ ਐਸੋਸੀਏਸ਼ਨ, ਟੀ.ਐੱਸ.ਯੂ. ਪੈਨਸ਼ਨਰ ਐਸੋਸੀਏਸ਼ਨ ਵੱਲੋਂ ਸਾਂਝੇ ਤੌਰ 'ਤੇ ਹੜਤਾਲ ਕਰਕੇ ਧਰਨਾ ਦਿੱਤਾ ਗਿਆ, ਜਿਸ ਵਿੱਚ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਵੀ ਧਰਨੇ ਵਿੱਚ ਸ਼ਮੂਲੀਅਤ ਕੀਤੀ ਗਈ। ਧਰਨੇ ਦੌਰਾਨ ਵੱਖ-ਵੱਖ ਆਗੂਆਂ ਨੇ ਸੰਬੋਧਨ ਕਰਦੇ ਹੋਏ ਦੱਸਿਆ ਕਿ ਪਾਵਰਕਾਮ ਮੈਨੇਜਮੈਂਟ ਵੱਲੋਂ ਮੁਲਾਜ਼ਮਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਨਹੀਂ ਕੀਤਾ ਗਿਆ, ਬਲਕਿ ਮੁਲਾਜ਼ਮ ਮਾਰੂ ਨੀਤੀਆਂ ਦੇ ਤਹਿਤ ਜਥੇਬੰਦੀਆਂ ਤੇ ਮਾਮਲੇ ਦਰਜ ਕਰਵਾ ਕੇ ਜਥੇਬੰਦੀਆਂ ਨੂੰ ਧਮਕਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀਆਂ ਮੰਗਾਂ ਪੁਰਾਣੀ ਪੈਨਸ਼ਨ ਬਹਾਲ ਕਰਨਾ, ਡੀ ਏ ਦੀਆਂ ਕਿਸ਼ਤਾਂ ਸਮੇਤ ਏਰੀਅਰ ਦੇ ਦੇਣ, 2016 ਤੋਂ 30 ਜੂਨ 2021 ਤੱਕ ਸਕੇਲਾਂ ਦਾ ਬਕਾਇਆ ਅਤੇ 2.59 ਦੇ ਗੁਣਾਂਕ ਮੁਤਾਬਿਕ ਪੈਨਸ਼ਨ ਸੋਧ ਕਰਨੀ ਤੇ ਪੱਕੀ ਭਰਤੀ ਕਰਨ ਆਦਿ ਨੂੰ ਪੂਰਾ ਨਾ ਕੀਤਾ ਗਿਆ ਤਾਂ ਉਹ ਸੰਘਰਸ਼ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ ਹਰਜਿੰਦਰ ਸਿੰਘ, ਰਮੇਸ਼ ਕੁਮਾਰ, ਪੰਕਜ ਕੁਮਾਰ, ਇੰਦਰਜੀਤ ਜੇ ਈ, ਜਸਕੌਰ ਸਿੰਘ, ਬਲਰਾਜ ਮੱਕੜ, ਬਿੱਕਰ ਸਿੰਘ, ਨੱਥਾ ਸਿੰਘ, ਭੁਪਿੰਦਰ ਸਿੰਘ ਤੇ ਸੁਖਦੇਵ ਸਿੰਘ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਆਦਿ ਹਾਜ਼ਰ ਸਨ।

ਪਾਤੜਾਂ (ਨਿਸਾਨ ਸਿੰਘ ਬਣਵਾਲਾ) : ਬਿਜਲੀ ਕਰਮਚਾਰੀਆਂ ਵੱਲੋਂ ਆਪਣੀਆਂ ਮੰਗਾਂ ਪੂਰੀਆਂ ਨਾ ਕੀਤੇ ਜਾਣ ਦੇ ਰੋਸ ਵਜੋਂ ਤਿੰਨ ਦਿਨਾਂ ਦੀ ਸਮੂਹਕ ਛੁੱਟੀ ਲੈ ਕੇ ਚੱਲ ਰਹੀ ਹੜਤਾਲ ਦੇ ਅਖਰੀਲੇ ਦਿਨ ਪਾਤੜਾਂ ਦੇ ਬਿਜਲੀ ਗਰਿੱਡ ਵਿਖੇ ਡਵੀਜ਼ਨ ਦਫਤਰ ਪਾਤੜਾਂ ਸਾਹਮਣੇ ਧਰਨਾ ਦੇ ਕੇ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਰੋਸ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਇੰਪਲਾਈਜ਼ ਫੈਡਰੇਸ਼ਨ ਪੰਜਾਬ ਰਾਜ ਬਿਜਲੀ ਬੋਰਡ ਦੇ ਆਗੂ ਅਜੀਤ ਸਿੰਘ ਮੌਲਵੀਵਾਲਾ, ਹਰੀ ਸਿੰਘ ਚਹਿਲ, ਅਕਬਰ ਖਾਂ, ਬਲਵਿੰਦਰ ਹਾਮਝੇੜੀ, ਦਰਸਨ ਸਿੰਘ ਲਾਡਵੰਜਾਰਾ ਤੇ ਸੁਖਰਾਜ ਸਿੰਘ ਨੇ ਦੱਸਿਆ ਕਿ ਬਿਜਲੀ ਦਾ ਕੰਮ ਕਰਦਿਆਂ ਡਿਊਟੀ ਦੌਰਾਨ ਕਿਸੇ ਵੀ ਕਰਮਚਾਰੀ ਨੂੰ ਕਰੰਟ ਲੱਗਣ ਤੇ ਉਸ ਦੀ ਮੌਤ ਹੋਣ 'ਤੇ ਉਸ ਨੂੰ ਸ਼ਹੀਦ ਦਾ ਦਰਜਾ ਦੇ ਕੇ ਉਸ ਨੂੰ ਇੱਕ ਕਰੋੜ ਰੁਪਿਆ ਦਿੱਤੇ ਜਾਣ ਸਮੇਤ ਹੋਰ ਬਹੁਤ ਸਾਰੀਆਂ ਮੰਗਾਂ ਪ੍ਰਤੀ ਪਾਵਰਕਾਮ ਦੀ ਮੈਨੇਜਮੈਂਟ ਨਾਲ ਹੋਈਆਂ ਮੀਟਿੰਗਾਂ ਦੌਰਾਨ ਮੈਨੇਜਮੈਂਟ ਕਰਮਚਾਰੀਆਂ ਦੀਆਂ ਮੰਗਾਂ ਨੂੰ ਜਾਇਜ਼ ਦੱਸਦੀ ਰਹੀ ਹੈ, ਪਰ ਇਹ ਮੰਗਾਂ ਪੂਰੀਆਂ ਨਹੀਂ ਕੀਤੀਆਂ ਜਾ ਰਹੀਆਂ। ਉਨ੍ਹਾਂ ਦੱਸਿਆ ਕਿ 21 ਅਗਸਤ ਤੋਂ ਵਰਕ ਟੂ ਰੂਲ ਲਾਗੂ ਹੈ, ਜੋ 30 ਸਤੰਬਰ ਤੱਕ ਲਾਗੂ ਰਹੇਗਾ। ਬਿਜਲੀ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਵੱਲੋਂ ਵਿੱਢੇ ਗਏ ਸੰਘਰਸ਼ ਤਹਿਤ ਬਿਜਲੀ ਕਰਮਚਾਰੀ 10 ਸਤੰਬਰ ਤੋਂ 12 ਸਤੰਬਰ ਤੱਕ ਸਮੂਹਕ ਤੌਰ 'ਤੇ ਛੁੱਟੀ ਲੈ ਕੇ ਸੰਘਰਸ਼ ਕਰ ਰਹੇ ਹਨ, ਜੇਕਰ ਪਾਵਰਕਾਮ ਦੀ ਮੈਨੇਜਮੈਂਟ ਨੇ ਅੜੀਅਲ ਵਤੀਰਾ ਨਾ ਛੱਡਿਆ ਤਾਂ ਜਥੇਬੰਦੀਆਂ ਹੋਰ ਤਿੱਖੇ ਸੰਘਰਸ਼ ਲਈ ਮਜਬੂਰ ਹੋਣਗੀਆਂ, ਜਿਸ ਦੀ ਜ਼ੁੰਮੇਵਾਰ ਅੜੀਅਲ ਮੈਨੇਜਮੈਂਟ ਹੋਵੇਗੀ।

ਧੂਰੀ

ਧੂਰੀ (ਬਿੰਨੀ ਗਰਗ) : ਪੀ.ਐੱਸ.ਪੀ.ਸੀ.ਐਲ ਜੁਆਇੰਟ ਫੋਰਮ, ਏਕਤਾ ਮੰਚ, ਸਬ ਸਟੇਸ਼ਨ ਯੂਨੀਅਨ, ਜੇ.ਈ. ਕੌਂਸਲ ਤੇ ਗਰਿੱਡ ਸੰਘਰਸ਼ ਕਮੇਟੀ ਵੱਲੋਂ ਸੂਬਾ ਕਮੇਟੀ ਦੇ ਦਿੱਤੇ ਸੰਘਰਸ਼ ਅਨੁਸਾਰ ਧੂਰੀ ਮੰਡਲ ਦੇ ਸਮੂਹ ਕਰਮਚਾਰੀਆਂ ਨੇ ਤੀਜੇ ਦਿਨ ਦੀ ਮਾਸ ਲੀਵ ਸਮੇਂ ਤਿੱਖਾ ਵਿਰੋਧ ਪ੍ਰਦਰਸ਼ਨ ਕਰਕੇ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ।ਬਲਵੀਰ ਸਿੰਘ ਜੈਨਪੁਰ, ਗਗਨਦੀਪ ਸਿੰਘ ਧੂਰੀ, ਲਖਵੀਰ ਸਿੰਘ ਮੂਲੋਵਾਲ, ਰਮਨਦੀਪ ਸਿੰਘ ਫਰਵਾਹੀ, ਇੰਜ, ਦਲਵੀਰ ਸਿੰਘ ਬਮਾਲ ਨੇ ਪਾਵਰਕਾਮ ਦੀ ਮੈਨੇਜਮੈਂਟ ਤੇ ਬਿਜਲੀ ਮੰਤਰੀ ਦੀ ਮੌਜੂਦਗੀ ਵਿੱਚ ਜੱਥੇਬੰਦੀਆਂ ਨਾਲ ਮੰਗੀਆਂ ਮੰਗਾਂ ਨੂੰ ਲਾਗੂ ਨਾ ਕਰਨ ਤੇ ਰੋਸ ਪ੍ਰਗਟ ਕਰਦਿਆਂ ਤਿੱਖੇ ਸੰਘਰਸ਼ ਦੀ ਚੇਤਾਵਨੀ ਦਿੱਤੀ।ਅਮਿਤ ਬੇਨੜਾ, ਸਰਵਨ ਕੁਮਾਰ, ਜਗਬੀਰ ਸਿੰਘ, ਬਲਵਿੰਦਰ ਚਾਂਗਲੀ, ਹਰਦੇਵ ਸਿੰਘ, ਲਖਵੀਰ ਸਿੰਘ, ਅਮਰਜੀਤ ਅਮਨ, ਜਸਪਾਲ ਸਿੰਘ ਖੁਰਮੀ, ਸਰਵਪ੍ਰੀਤ ਸਿੰਘ ਕੋਹਲੀ, ਪਾਲਜੀਤ ਘਨੌਰੀ, ਸਲੀਮ ਖਾਂ, ਸੰਦੀਪ ਸਿੰਘ ਧੂਰਾ, ਸਤਿੰਦਰ ਸਿੰਘ ਬਮਾਲ, ਕਿਸਾਨ ਆਗੂ ਮਹਿੰਦਰ ਸਿੰਘ ਭਸੌੜ, ਜਰਨੈਨ ਸਿੰਘ ਸੁਲਤਾਨਪੁਰ, ਪੈਨਸ਼ਨਰਜ਼ ਪ੍ਰਧਾਨ ਸੁਖਦੇਵ ਸਿੰਘ, ਦਲਵੀਰ ਸਿੰਘ ਨੇ ਵੀ ਮੰਗੀਆਂ ਮੰਗਾਂ ਪ੍ਰਵਾਨ ਕਰਨ ਦੀ ਮੰਗ ਕਰਦਿਆਂ 13 ਸ

13 Septt - Page - 6.qxd 9/12/2024 11:11 PM Page 1

ਗੱਦੀ ਨਾਲੇ 'ਤੇ ਬਣੀ ਰੇਲਿੰਗ ਟੁੱਟਣ ਕਾਰਨ ਹਾਦਸੇ ਵਾਪਰਨ ਦਾ ਡਰ

ਗੁਰਦਾਸਪੁਰ, (ਜਨਕ ਮਹਾਜਨ)- ਗੁਰਦਾਸਪੁਰ-ਮੁਕੇਰੀਆਂ ਸੜਕ 'ਤੇ ਪੈਂਦੇ ਕਸਬਾ ਸ਼ਾਲਾ ਤੇ ਜਗਤਪੁਰ ਵਿਚਕਾਰੋਂ ਲੰਘਦੇ ਗੱਦੀ ਨਾਲੇ ਦੀ ਰੇਲਿੰਗ ਟੁੱਟ ਜਾਣ ਕਾਰਨ ਹਰ ਵੇਲੇ ਕਿਸੇ ਵਹੀਕਲ ਦਾ ਨਾਲੇ ਵਿਚ ਡਿਗਣ ਦਾ ਡਰ ਬਣਿਆ ਰਹਿੰਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਦਾਸਪੁਰ ਤੋਂ ਲੱਗਭਗ 15 ਕਿੱਲੋਮੀਟਰ ਦੂਰ ਪੈਂਦੇ ਇਸ ਗੱਦੀ ਨਾਲੇ ਤੋਂ ਵੱਡੀ ਗਿਣਤੀ ਵਿਚ ਬੱਸਾਂ, ਟਰੱਕ ਅਤੇ ਹੋਰ ਵਾਹਨ ਦਿਨ ਰਾਤ ਗੁਜ਼ਰਦੇ ਹਨ ਅਤੇ ਗੱਦੀ ਨਾਲੇ 'ਤੇ ਬਣੀ ਪੁਲੀ ਦੀ ਚੌੜਾਈ ਘੱਟ ਹੋਣ ਕਾਰਨ ਦੋ ਵਾਹਨਾਂ ਦਾ ਆਹਮਣੇ ਸਾਹਮਣੇ ਤੋਂ ਆਉਂਦੇ ਜਾਂਦੇ ਸਮੇਂ ਗੁਜ਼ਰਨ ਵੇਲੇ ਬੜੀ ਸਾਵਧਾਨੀ ਵਰਤਣੀ ਪੈਂਦੀ ਹੈ। ਜ਼ਰਾ ਜਿਹੀ ਕੁਤਾਹੀ ਹੋਣ ਕਾਰਨ ਕੋਈ ਹਾਦਸਾ ਵਾਪਰ ਸਕਦਾ ਹੈ। ਇਸ ਗੱਦੀ ਨਾਲੇ ਦੀ ਡੂੰਘਾਈ ਕਾਫ਼ੀ ਹੈ ਅਤੇ ਇਹ ਨਾਲਾ ਦਰਿਆ ਬਿਆਸ ਵਿਚ ਥੋੜੀ ਅੱਗੇ ਜਾ ਕੇ ਮਿਲ ਜਾਂਦਾ ਹੈ। ਇਸ ਗੱਦੀ ਨਾਲੇ 'ਤੇ ਬਣੀ ਪੁਲੀ ਦੀ ਰੇਲਿੰਗ ਆਏ ਦਿਨ ਟੁੱਟ ਜਾਂਦੀ ਹੈ ਅਤੇ ਹਾਦਸੇ ਹੁੰਦੇ-ਹੁੰਦੇ ਬਚ ਜਾਂਦੇ ਹਨ। ਇਸ ਪੁਲ ਦੀ ਰੇਲਿੰਗ ਨੂੰ ਤੋੜ ਕੇ ਕਈ ਵਾਰ ਵਾਹਨ ਨਾਲੇ ਵਿਚ ਡਿਗ ਜਾਂਦੇ ਹਨ। ਕੁਝ ਸਾਲ ਪਹਿਲਾਂ ਇਕ ਸਵਾਰੀ ਬੱਸ ਇਸ ਗੱਦੀ ਨਾਲੇ ਵਿਚ ਡਿਗ ਪਈ ਸੀ ਅਤੇ ਕਾਫ਼ੀ ਨੁਕਸਾਨ ਹੋਇਆ ਸੀ। ਇਲਾਕਾ ਵਾਸੀਆਂ ਨੇ ਦੱਸਿਆ ਕਿ ਇਸ ਸੜਕ 'ਤੇ ਇਸ ਤੋਂ ਇਲਾਵਾ ਕੁਝ ਹੋਰ ਵੀ ਛੋਟੀਆਂ-ਛੋਟੀਆਂ ਪੁਲੀਆਂ ਹਨ ਜਿਨ੍ਹਾਂ ਨੂੰ ਚੌੜਾ ਕਰਨ ਦੀ ਲੋੜ ਹੈ ਅਤੇ ਉਨ੍ਹਾਂ 'ਤੇ ਵੀ ਰੇਲਿੰਗ ਲਗਾਉਣੀ ਚਾਹੀਦੀ ਹੈ। ਲੋਕਾਂ ਦੀ ਪੰਜਾਬ ਸਰਕਾਰ ਅਤੇ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਪਾਸੋਂ ਮੰਗ ਹੈ ਕਿ ਇਸ ਗੱਦੀ ਨਾਲੇ ਦੀ ਟੁੱਟੀ ਰੇਲਿੰਗ ਦੀ ਜਲਦੀ ਤੋਂ ਜਲਦੀ ਮੁਰੰਮਤ ਕਰਵਾਈ ਜਾਵੇ ਤਾਂ ਜੋ ਹਨੇਰੇ-ਸਵੇਰੇ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

ਪਬਲਿਕ ਨੋਟਿਸ

ਸਾਰਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਿਵਲ ਹਸਪਤਾਲ ਜ਼ੀਰਾ ਵਿੱਚ ਹੱਡੀਆਂ ਦੇ ਵਿਭਾਗ ਵੱਲੋਂ ਗੋਡੇ ਬਦਲਣ ਲਈ (TKR) ਦਾ ਕੰਟਰੈਕਟ ਟੈਂਡਰ ਨਿਕਲਣ ਜਾ ਰਿਹਾ ਹੈ, ਜੋ ਵੀ ਮਾਨਤਾ ਪ੍ਰਾਪਤ ਡੀਲਰ ਇਨ੍ਹੰ ਭਰਨ ਲਈ ਇੱਛੁਕ ਹੋਣ, ਉਹ ਤਰੀਕ 16 ਸਤੰਬਰ 2024 ਸਵੇਰੇ 11.00 ਵਜੇ ਤੋਂ ਪਹਿਲਾਂ ਟੈਂਡਰ ਕਾਪੀ ਕਮਰਾ ਨੰਬਰ 23 ਅਕਾਊਂਟ ਦਫ਼ਤਰ ਤੋਂ ਲੈ ਲੈਣ, ਟੈਂਡਰ ਦੀ ਫੀਸ 1000 ਰੁਪਏ ਹੈ।

ਸੋਧ

ਮਿਤੀ 29.08.2024 ਅਖਬਾਰ 'ਨਵਾਂ ਜ਼ਮਾਨਾ' ਵਿਚ ਪ੍ਰਕਾਸ਼ਤ ਨੋਟਿਸ ਵਿਚ 1. ਗੁਰਚਰਨ ਸਿੰਘ ਪੁੱਤਰ ਕੁੰਦਨ ਸਿੰਘ, 2. ਪੁਨੀਤ ਕੌਰ ਪਤਨੀ ਗੁਰਚਰਨ ਸਿੰਘ, 3. ਅਮਰਜੀਤ ਸਿੰਘ ਪੁੱਤਰ ਚੰਨਣ ਸਿੰਘ ਸਾਰੇ ਵਾਸੀ ਪਿੰਡ ਕਾਲੇਕੇ, ਤਹਿਸੀਲ ਬਾਬਾ ਬਕਾਲਾ ਅਤੇ ਜ਼ਿਲ੍ਹਾ ਅੰਮ੍ਰਿਤਸਰ। ਕੈਪੀਟਲ ਸਮਾਲ ਫਾਈਨੈਂਸ ਬੈਂਕ ਲਿਮਟਿਡ ਦੀ ਸ਼ਾਖਾ ਜਲਭੰਰੀ ਧੂਮੀ ਦੀ ਥਾਂ ਰਈਆ ਪੜ੍ਹਿਆ ਜਾਵੇ , ਬਾਕੀ ਸਾਰਾ ਕੁਝ ਪਹਿਲੇ ਵਾਲਾ ਹੀ ਰਹੇਗਾ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਨਾਇਬ ਤਹਿਸੀਲਦਾਰ, ਰਾਜਾਸਾਂਸੀ, ਜ਼ਿਲ੍ਹਾ ਅੰਮ੍ਰਿਤਸਰ।

ਵਿਸ਼ਾ : ਮਾਲ ਰਿਕਾਰਡ 'ਚ ਨਾਂਅ ਦੀ ਦਰੁੱਸਤੀ ਕਰਵਾਉਣ ਸੰਬੰਧੀ

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਸ੍ਰੀ ਗੁਰਬੀਰ ਸਿੰਘ ਪੁੱਤਰ ਸਰਦੂਲ ਸਿੰਘ ਵਾਸੀ ਪਿੰਡ ਹਰਸ਼ਾ ਛੀਨਾ ਉਢਾ ਕਿਲ੍ਹਾ, ਤਹਿਸੀਲ ਰਾਜਾਸਾਂਸੀ ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਇਸ ਅਦਾਲਤ ਵਿੱਚ ਪੇਸ਼ ਹੋ ਕੇ ਇੱਕ ਦਰਖਾਸਤ ਦਿੱਤੀ ਹੈ ਕਿ ਉਸ ਦੀ ਮਾਲਕੀ ਜ਼ਮੀਨ ਵਾਕਿਆ ਰਕਬਾ ਪਿੰਡ ਹਰਸ਼ਾ ਛੀਨਾ, ਤਹਿਸੀਲ ਰਾਜਾਸਾਂਸੀ ਵਿੱਚ ਉਸ ਦਾ ਨਾਂਅ ਗੁਰਭਿੰਦਰ ਸਿੰਘ ਗਲਤ ਚੱਲਿਆ ਆ ਰਿਹਾ ਹੈ, ਜਦਕਿ ਉਸ ਦਾ ਸਹੀ ਨਾਂਅ ਗੁਰਬੀਰ ਸਿੰਘ ਹੈ। ਇਸ ਲਈ ਮਾਲ ਰਿਕਾਰਡ ਵਿੱਚ ਉਸ ਦੇ ਨਾਂਅ ਦੀ ਦਰੁਸਤੀ ਕੀਤੀ ਜਾਵੇ।

ਪ੍ਰਾਰਥੀ ਵੱਲੋਂ ਦਿੱਤੀ ਗਈ ਦਰਖਾਸਤ ਨੂੰ ਵਾਚਿਆ ਗਿਆ। ਪੰਜਾਬ ਸਰਕਾਰ ਮਾਲ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ (ਭੌਂ ਮਾਲੀਆ ਸ਼ਾਖਾ), ਚੰਡੀਗੜ੍ਹ ਜੀ ਦੇ ਦਫਤਰੀ ਮੀਮੋ ਨੰਬਰ 25/78-2012-ਭਮ-2/12445-71 ਮਿਤੀ 26.07.2013 ਰਾਹੀਂ ਮਾਲ ਰਿਕਾਰਡ ਵਿੱਚ ਨਾਂਅ ਦੀ ਤਬਦੀਲੀ ਦਾ ਇੰਦਰਾਜ਼ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਹਦਾਇਤਾਂ ਦੀ ਪਾਲਣਾ ਕਰਦੇ ਹੋਏ ਪੰਜਾਬ ਲੈਂਡ ਰਿਕਾਰਡ ਮੈਨੂਅਲ ਦੇ ਪੈਰਾ ਨੰ. 7.28 (2) ਅਨੁਸਾਰ ਦਰਖਾਸਤ ਕਰਤਾ ਦੀ ਦਰਖਾਸਤ ਮੁਤਾਬਕ ਜਮ੍ਹਾਂਬੰਦੀ ਵਾਕਿਆ ਰਕਬਾ ਪਿੰਡ ਹਰਸ਼ਾ ਛੀਨਾ ਉੱਢਾ ਕਿਲ੍ਹਾ ਵਿੱਚ ਪ੍ਰਾਰਥੀ ਗੁਰਭਿੰਦਰ ਸਿੰਘ ਦਾ ਨਾਂਅ ਦਰੁੱਸਤ ਕਰਕੇ ਗੁਰਬੀਰ ਸਿੰਘ ਦਰੁੱਸਤ ਕੀਤਾ ਜਾਣਾ ਹੈ। ਦਰਖਾਸਤ ਵਿੱਚ ਤਬਦੀਲ ਕੀਤੇ ਗਏ ਨਾਂਅ ਦੀ ਦਰੁੱਸਤੀ ਸੰਬੰਧੀ ਜੇਕਰ ਕਿਸੇ ਵੀ ਧਿਰ ਨੂੰ ਕੋਈ ਇਤਰਾਜ਼ ਹੈ ਤਾਂ ਅਖਬਾਰ ਵਿੱਚ ਨੋਟਿਸ ਛਪਣ ਦੀ ਮਿਤੀ ਤੋਂ 21 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿੱਚ ਪੇਸ਼ ਹੋ ਕੇ ਇਤਰਾਜ਼ ਪੇਸ਼ ਕਰ ਸਕਦਾ ਹੈ। ਮਿੱਥੇ ਸਮੇਂ ਤੱਕ ਇਤਰਾਜ਼ ਪ੍ਰਾਪਤ ਨਾ ਹੋਣ ਦੀ ਸੂਰਤ 'ਚ ਮਾਲ ਰਿਕਾਰਡ ਵਿੱਚ ਨਾਂਅ ਨੂੰ ਸੋਧਣ ਦੀ ਕਾਰਵਾਈ ਕਰ ਦਿੱਤੀ ਜਾਵੇਗੀ। ਬਾਅਦ 'ਚ ਪੇਸ਼ ਕੀਤੇ ਗਏ ਇਤਰਾਜ਼ 'ਤੇ ਗੌਰ ਨਹੀਂ ਕੀਤਾ ਜਾਵੇਗਾ।

ਨਾਇਬ ਤਹਿਸੀਲਦਾਰ, ਰਾਜਾਸਾਂਸੀ

ਮੁੱਖਤਾਰਨਾਮਾ ਗੁੰਮਸ਼ੁਦਗੀ

ਸੂਚਿਤ ਕੀਤਾ ਜਾਦਾ ਹੈ ਕਿ ਇਕ ਅਸਲ ਮੁੱਖਤਾਰਨਾਮਾ ਜ਼ੋ ਕਿ ਅਮਰਬੀਰ ਸਿੰਘ ਪੁੱਤਰ ਸਵਿੰਦਰ ਸਿੰਘ ਵੱਲੋ ਕੁਲਦੀਪ ਸਿੰਘ ਨੂੰ ਦਿੱਤਾ ਹੋਇਆ ਸੀ ਅਤੇ ਇਹ ਮੁਖਤਾਰਨਾਮਾ ਜਿਸਦਾ ਪਲਾਟ ਨੰ 55 ਏ, ਖਸਰਾ ਨੰਬਰ 81//5/1, 6, 26, 81//15/2, 80//11/1 ਸਬ ਅਰਬਨ ਨਵੀ ਅਬਾਦੀ ਵਾਕਿਆ ਰਕਬਾ ਕਾਲਾ ਘੰਨੂਪੁਰ ਛੇਹਰਟਾ ਚੋਕ ਵਿਖੇ ਮਿਤੀ 02/09/2024 ਸਮਾਂ 11:30 ਨੂੰ ਫਾਟਕ ਤੱਕ ਜਾਂਦੇ ਸਮੇਂ ਇੱਕ ਪੋਲੀਥੀਨ ਜਿਸ ਵਿੱਚ ਮੁਖਤਾਰਨਾਮਾ ਸੀ ਜੋ ਕਿ ਕਿੱਧਰੇ ਡਿੱਗ ਗਿਆ ਜੋ ਕਾਫੀ ਭਾਲ ਕਰਨ ਤੇ ਵੀ ਨਹੀ ਮਿਲਿਆ । ਇਸ ਸੰਬੰਧ ਵਿੱਚ ਪੁਲਿਸ ਥਾਣਾ ਛੇਹਰਟਾ ਸਾਂਝ ਕੇਦਰ ਵਿਖੇ ਰਿਪੋਰਟ ਦਰਜ ਕਰਵਾ ਦਿੱਤੀ ਗਈ ਹੈ। ਜਿਸਦਾ ਐਸ ਆਰ ਨੰ 514075/2024 ਹੈ ਜਿਸ ਕਿਸੇ ਨੂੰ ਇਹ ਮੁਖਤਾਰਨਾਮਾ ਮਿਲੇ ਉਹ ਹੇਠ ਲਿਖੇ ਮੋਬਾਇਲ ਨੰਬਰ ਤੇ ਸਪੰਰਕ ਕਰੇ।

ਵੱਲੋਂ : ਮਨਜੀਤ ਕੌਰ ਪਤਨੀ ਬਲਵਿੰਦਰ ਸਿੰਘ ਵਾਸੀ ਮਕਾਨ ਨੰ ਡੀ 14/184, ਦਿਲਾਵਰ ਗਲੀ ਚਿੰਤਪੁਰਨੀ ਮੰਦਿਰ, ਗੁਰੂ ਅਰਜਨ ਦੇਵ ਨਗਰ, ਪੁਤਲੀਘਰ ਅੰਮ੍ਰਿਤਸਰ, ਮੋਬਾ : 9877344763

Lost and Found

We, Lovejot Singh Johal and Gurjot Singh Johal S/o Sh. Avtar Singh Johal, R/o House No. 674, Tibba Sahib, Hoshiarpur, Punjab Declare that the deponents have applied for grant of Loan Facility from Union Bank of India, Branch Jassa Singh Ramgarhia Chowk Branch, Near Passport Office, Hoshiarpur by equitable mortgage the property measuring 3 Marla 159 Sq. Ft., out of Khata No. 910/1079, 1080, 1081, 911/1082, 912/1083, Khasra No. 605/1/5 (0-1), 605/1/4 (0-1), 605/2 (0-8), 606 (1-2), 605/1/1 (4-1), 605/1/2 (0- 17), 605/1/3 (2-4), 605/1/6 (1-18), situated at Prabhat Chowk to Hotel Presidency Road in the revenue estate of Village Khwaspur. Hadbast No. 246, Tehsil & District Hoshiarpur which was transfer by way of Tabdil Malkiat/Transfer Deed by their father Sh. Avtar Singh son of Sh. Lachhman Singh. The deponents disclosed that the previous sale deed dated 11.02.2005 registered in the office of Sub Registrar, Hoshiarpur vide Document no. 6898, Zild No. 2406, Page No. 2, Bahi No. 1 in the name of the previous owner namely Smt. Amarjit Kaur wife of Sh. Gurdev Singh has been lost on 12.09.2024 at Model Town, Hoshiarpur and the Lost Information Report vide Sr. No. 515286/2024 Punjab Police dated 12.09.2024 has been got lodged by the deponent Sh. Gurjot Singh Johal in this regard.

ਪੰਜਾਬ ਨੈਸ਼ਨਲ ਬੈਂਕ punjab national bank

ਬਰਾਂਚ : ਨਿਊ ਜਵਾਹਰ ਨਗਰ (220100), ਮਾਡਲ ਟਾਊਨ, ਜਲੰਧਰ-144003

ਸਾਡੀ ਬਰਾਂਚ ਵਿਖੇ ਲਾਕਰਾਂ ਦੇ ਕਿਰਾਏ 'ਚ ਬਕਾਇਆ ਲਈ ਨੋਟਿਸ

ਪੰਜਾਬ ਨੈਸ਼ਨਲ ਬੈਂਕ, ਬਰਾਂਚ ਦਫਤਰ : ਨਿਊ ਜਵਾਹਰ ਨਗਰ (220100), ਮਾਡਲ ਟਾਊਨ, ਜਲੰਧਰ ਨੇ ਹੇਠਾਂ ਸਾਰਣੀ 'ਚ ਦਰਸਾਏ ਲਾਕਰ ਕਿਰਾਏ 'ਤੇ ਲੈਣ ਵਾਲਿਆਂ ਨੂੰ ਸੇਫ ਡਿਪਾਜ਼ਟ ਵੈਲਟਸ (ਲਾਕਰਜ਼) ਕਿਰਾਏ 'ਤੇ ਦਿੱਤੇ ਸਨ। ਲਾਕਰ ਧਾਰਕਾਂ ਨੇ 3 ਸਾਲ ਤੋਂ ਵੱਧ ਸਮੇਂ ਤੋਂ ਲਾਕਰਾਂ ਦਾ ਕਿਰਾਇਆ ਅਦਾ ਨਹੀਂ ਕੀਤਾ। ਉਨ੍ਹਾਂ ਦੇ ਕਿਰਾਏ ਦਾ ਬਕਾਇਆ ਹੇਠਾਂ ਦਰਸਾਈ ਸਾਰਣੀ 'ਚ ਦਰਸਾਇਆ ਗਿਆ ਹੈ। ਬੈਂਕ ਨੇ ਲਾਕਰ ਕਿਰਾਏ 'ਤੇ ਲੈਣ ਵਾਲੇ ਸੰਬੰਧਤਾਂ ਨੂੰ ਲਾਕਰਾਂ ਦੇ ਬਕਾਇਆ ਕਿਰਾਏ ਲਈ ਤਿੰਨ ਨੋਟਿਸ ਜਾਰੀ ਕੀਤੇ ਸਨ, ਪਰ ਅਜੇ ਤੱਕ ਕੋਈ ਕਿਰਾਇਆ ਜਮ੍ਹਾਂ ਨਹੀਂ ਹੋਇਆ।

SR NO.	LOCKER NO.	ਨਾਂਅ	ਬਰਾਂਚ
1	AG00550	ਸੰਤੋਸ਼ ਕੌਰ	ਨਿਊ ਜਵਾਹਰ ਨਗਰ
2	AH00663	ਗੁਰਪ੍ਰੀਤ ਕੌਰ ਪੁੱਤਰੀ ਮੀਤ ਸਿੰਘ	ਨਿਊ ਜਵਾਹਰ ਨਗਰ

ਇਹ ਨੋਟਿਸ ਉਨ੍ਹਾਂ ਲਾਕਰ ਧਾਰਕਾਂ ਨੂੰ ਜਾਰੀ ਕੀਤਾ ਜਾਂਦਾ ਹੈ, ਜਿਨ੍ਹਾਂ ਉੱਪਰ ਦਰਸਾਏ ਲਾਕਰਾਂ ਦੇ ਕਿਰਾਏ ਅਜੇ ਤੱਕ ਅਦਾ ਨਹੀਂ ਕੀਤੇ ਕਿ ਜੇਕਰ ਬੈਂਕ ਨੂੰ ਉਨ੍ਹਾਂ ਦੇ ਕਿਰਾਏ ਤਿੰਨ ਮਹੀਨਿਆਂ ਦੇ ਵਿੱਚ-ਵਿੱਚ ਅਦਾ ਨਹੀਂ ਕੀਤੇ ਜਾਂਦੇ ਤਾਂ ਕਿਰਾਇਆ ਡੀਡ ਦੀ ਕਲਾਜ਼ ਨੰ. 9 ਤਹਿਤ ਬੈਂਕ ਸੰਬੰਧਤ ਲਾਕਰ ਧਾਰਕਾਂ ਦੇ ਲਾਕਰ ਉਨ੍ਹਾਂ ਦੇ ਜੋਖ਼ਮ ਅਤੇ ਲਾਗਤ ਦੇ ਖੋਲ੍ਹ ਦਿੱਤੇ ਜਾਣਗੇ ਅਤੇ ਬੈਂਕ ਇਸ ਦੇ ਕਿਸੇ ਇੱਕ ਹਿੱਸੇ ਜਾਂ ਸਮੁੱਚੀ ਸਮੱਗਰੀ ਦੀ ਜਨਤਕ ਜਾਂ ਨਿੱਜੀ ਵਿਕਰੀ ਦੁਆਰਾ ਇਸ ਦੀ ਅਦਾਇਗੀ ਨੂੰ ਪ੍ਰਾਪਤ ਕਰ ਸਕਦਾ ਹੈ। ਲਾਕਰ ਧਾਰਕ ਵੱਲੋਂ ਬੈਂਕ ਦੇ ਬਕਾਏ ਦੇ ਸੰਤੁਸ਼ਟ ਕਰਨ ਤੋਂ ਬਾਅਦ ਲਾਕਰ ਦੀ ਕੋਈ ਵੀ ਰਕਮ ਅਤੇ ਸਮੱਗਰੀ ਜੋ ਬਾਕੀ ਬਚੀ ਹੈ, ਲਾਕਰ ਕਿਰਾਏ ਦੇ ਲੈਣ-ਦੇਣ ਦੇ ਪੂਰੇ ਜੋਖ਼ਮ 'ਤੇ ਪੂਰੀ ਜ਼ਿੰਮੇਵਾਰੀ ਅਤੇ ਲਾਗਤ 'ਤੇ ਬੈਂਕ ਦੁਆਰਾ ਰੱਖੀ ਜਾਵੇਗੀ। ਜੇਕਰ ਬੈਂਕ ਨੂੰ ਅਜਿਹੀ ਵਿਕਰੀ ਕਰਨ 'ਤੇ ਅਦਾਇਗੀ ਨਾਕਾਫੀ ਹੋਵੇਗੀ ਤਾਂ ਲਾਕਰ ਧਾਰਕ ਇਸ ਘਾਟ ਲਈ ਜ਼ਿੰਮੇਵਾਰ ਹੋਵੇਗਾ।

ਮਿਤੀ : 11.09.2024 ਸਥਾਨ : ਜਲੰਧਰ ਪੰਜਾਬ ਨੈਸ਼ਨਲ ਬੈਂਕ

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਨਾਇਬ ਤਹਿਸੀਲਦਾਰ ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਢਿੱਲਵਾਂ

ਮਿਸਲ ਨੰ:- 302/NT, 303/NT, 304/NT, 305/NT, 306/NT, 307/NT

ਤਾਰੀਖ ਰਜੂਆ :- 11.07.2024 ਅਗਲੀ ਤਾਰੀਖ ਪੇਸ਼ੀ : 01.10.2024

1. ਜਰਨੈਲ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਗੋਲਡਨ ਐਵੀਨਿਊ ਫੇਜ਼-2, ਜਲੰਧਰ। ਫਰੀਕ ਅੱਵਲ

ਬਨਾਮ

1. ਜਗਦੀਸ਼ ਸਿੰਘ ਪੁੱਤਰ ਬਲਦੇਵ ਸਿੰਘ, 2. ਮਨਜੀਤ ਸਿੰਘ ਪੁੱਤਰ ਬਲਦੇਵ ਸਿੰਘ, 3. ਰਾਜਵਿੰਦਰ ਕੌਰ ਵਿਧਵਾ ਸਤਵਿੰਦਰ ਸਿੰਘ, 4. ਰਣਜੋਤ ਸਿੰਘ ਢਿੱਲੋਂ ਪੁੱਤਰ ਸਤਵਿੰਦਰ ਸਿੰਘ, 5. ਬਿਕਰਮਜੀਤ ਸਿੰਘ ਪੁੱਤਰ ਜਸਵੀਰ ਸਿੰਘ, 6. ਗੁਰਿਦਰਜੀਤ ਕੌਰ ਵਿਧਵਾ ਜਸਵੀਰ ਸਿੰਘ, 7. ਸਵਰਨ ਕੌਰ ਮਾਤਾ ਰਘਬੀਰ ਸਿੰਘ ਪੁੱਤਰ ਬਖਸ਼ੀਸ਼ ਸਿੰਘ, 8. ਕੁਲਵਿੰਦਰ ਕੌਰ ਵਿਧਵਾ ਰਘਬੀਰ ਸਿੰਘ, 9. ਸਵਜੋਤ ਸਿੰਘ ਪੁੱਤਰ ਰਘਬੀਰ ਸਿੰਘ, 10. ਹਰਜਿੰਦਰ ਸਿੰਘ ਪੁੱਤਰ ਫੌਜਾ ਸਿੰਘ, 11. ਹਰਦੇਵ ਸਿੰਘ ਪੁੱਤਰ ਫੌਜਾ ਸਿੰਘ, 12. ਸੁਖਦੇਵ ਸਿੰਘ ਪੁੱਤਰ ਫੌਜਾ ਸਿੰਘ, 13. ਸੁਰਿਦਰ ਕੌਰ ਵਿਧਵਾ ਗੁਰਨਾਮ ਸਿੰਘ, 14. ਵਰਿਦਰ ਸਿੰਘ ਪੁੱਤਰ ਗੁਰਨਾਮ ਸਿੰਘ, 15. ਪਲਵਿੰਦਰ ਕੌਰ ਪੁੱਤਰੀ ਗੁਰਨਾਮ ਸਿੰਘ, 16. ਭੁਪਿਦਰ ਸਿਘ ਸੰਧੂ ਪੁੱਤਰ ਅਜਮੇਰ ਸਿੰਘ ਵਾਸੀਆਨ ਪਿੰਡ ਦਿਆਲਪੁਰ, ਸਬ-ਤਹਿ. ਢਿੱਲਵਾਂ ਜ਼ਿਲ੍ਹਾ ਕਪੂਰਥਲਾ ਅਤੇ ਥੱਬੂ ਨੰਗਲ, ਤਹਿਸੀਲ ਕਰਤਾਰਪੁਰ ਜ਼ਿਲ੍ਹਾ ਜਲੰਧਰ, 17. ਪੰਜਾਬ ਐਂਡ ਸਿਧ ਬੈਂਕ ਬਰਾਂਚ ਦਿਆਲਪੁਰ। ਫਰੀਕ ਦੋਮ

ਉਕਤ ਅਨੁਵਾਨ ਦਾ ਕੇਸ ਦਾਅਵਾ ਤਕਸੀਮ ਵਾਕਿਆ ਰਕਬਾ ਪਿੰਡ ਦਿਆਲਪੁਰ, ਸਬ-ਤਹਿਸੀਲ ਢਿੱਲਵਾਂ, ਜ਼ਿਲ੍ਹਾ ਕਪੂਰਥਲਾ ਮੁਤਾਬਿਕ ਜਮ੍ਹਾਂਬੰਦੀ ਸਾਲ 2020-21 ਹਦਬਸਤ ਨੰਬਰ 231 ਖੇਵਟ ਖਾਤਾ 445 ਖਤੌਨੀ ਨੰਬਰ 570, ਖਸਰਾ ਨੰਬਰ 1415/2/2-5 ਵਾ ਖੇਵਟ ਖਾਤਾ 213/289-290 ਖਸਰਾ ਨੰਬਰ 1443/ਮਿਨ/2-0, 1442/8-0, 1443/4-0 ਕਿੱਤੇ/3 ਰਕਬਾ 14-0 ਵਾ ਖੇਵਟ ਖਾਤਾ 446/571-572 ਖਸਰਾ ਨੰਬਰ 1413/11-12, 1419/8-0, 1417/8-0, 1418/11-12 ਕਿੱਤੇ/4 ਰਕਬਾ 39-4 ਵਾ ਖੇਵਟ ਖਾਤਾ 447/573-574 ਖਸਰਾ ਨੰਬਰ 1432/2/1-10,1414/7-4, 1415/1/2-6 ਕਿੱਤੇ/3 ਰਕਬਾ 11-0 ਵਾ ਖੇਵਟ ਖਾਤਾ 450/578-579 ਖਸਰਾ ਨੰਬਰ 1416/6-16, 1420/8-0, 1421/8-9 ਕਿੱਤੇ/3 ਰਕਬਾ 23-5 ਵਾ ਖੇਵਟ ਖਾਤਾ 448/575-576 ਖਸਰਾ ਨੰਬਰ 1422/8-0, 1433/8-0 ਕਿੱਤੇ/2 ਰਕਬਾ 16-0 ਦਾ ਕੇਸ ਇਸ ਅਦਾਲਤ ਵਿਚ ਚੱਲ ਰਿਹਾ ਹੈ।

ਇਸ ਕੇਸ ਵਿਚ ਧਿਰ ਦੋਮ ਵੱਲੋਂ ਕੋਈ ਹਾਜ਼ਰ ਨਹੀਂ ਆਏ। ਇਸ ਕੇਸ ਵਿਚ ਅਗਲੀ ਤਾਰੀਖ ਪੇਸ਼ੀ ਮਿਤੀ 01.10.2024 ਮੁਕਰਰ ਹੋਈ ਹੈ। ਇਸ ਲਈ ਫਰੀਕ ਦੋਮ ਨੂੰ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਧਿਰ ਦੋਮ ਦੇ ਮਿਤੀ 01.10.2024 ਨੂੰ ਸਵੇਰੇ 10.00 ਵਜੇ ਅਸਾਲਤਨ/ਵਕਾਲਤਨ ਇਸ ਅਦਾਲਤ ਵਿਚ ਹਾਜ਼ਰ ਹੋ ਕੇ ਇਸ ਕੇਸ ਦੀ ਪੈਰਵੀ ਕਰ ਸਕਦੇ ਹਨ। ਨਿਸ਼ਚਿਤ ਮਿਤੀ 01.10.2024 ਨੂੰ ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿਚ ਕਾਰਵਾਈ ਇਕਤਰਫਾ ਅਮਲ ਵਿਚ ਲਿਆਂਦੀ ਜਾਵੇਗੀ। ਨਿਸ਼ਚਿਤ ਮਿਤੀ ਤੋਂ ਬਾਅਦ ਵਿਚ ਕੋਈ ਵੀ ਉਜ਼ਰ ਨਹੀਂ ਸੁਣਿਆ ਜਾਵੇਗਾ।

ਇਹ ਇਸ਼ਤਿਹਾਰ ਅੱਜ ਮਿਤੀ 12.09.2024 ਨੂੰ ਮੇਰੇ ਹਸਤਾਖਰ ਅਤੇ ਅਦਾਲਤੀ ਮੋਹਰ ਨਾਲ ਜਾਰੀ ਹੋਇਆ।

ਸਹੀ/- ਸਹਾਇਕ ਕੁਲੈਕਟਰ ਦਰਜਾ ਦੋਮ, ਢਿੱਲਵਾਂ (ਕਪੂਰਥਲਾ)

ਨੰ: 647/ਰੀਡਰ ਮਿਤੀ 12.09.2024

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਨਾਇਬ ਤਹਿਸੀਲਦਾਰ ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਢਿੱਲਵਾਂ

ਮਿਸਲ ਨੰ:- 285/NT, 286/NT, 287/NT, 288/NT, 289/NT

ਤਾਰੀਖ ਰਜੂਆ :- 23.04.2024 ਅਗਲੀ ਤਾਰੀਖ ਪੇਸ਼ੀ : 24.09.2024

1. ਸੁਖਵਿੰਦਰ ਸਿੰਘ ਪੁੱਤਰ ਸੁੱਚਾ ਸਿੰਘ ਮੁਖਤਾਰ ਆਮ ਵੱਲੋਂ ਹਰਚਰਨ ਸਿੰਘ ਪੁੱਤਰ ਬਚਨ ਸਿੰਘ ਵਾਸੀਆਨ ਪਿੰਡ ਧਾਲੀਵਾਲ ਬੇਟ, ਸਬ-ਤਹਿਸੀਲ ਢਿੱਲਵਾਂ, ਜ਼ਿਲ੍ਹਾ ਕਪੂਰਥਲਾ। ਫਰੀਕ ਅੱਵਲ

ਬਨਾਮ

1. ਹਰਬਿਦਰ ਸਿੰਘ ਪੁੱਤਰ ਗੁਰਬਚ

13-SEP-PAGE-7.qxd 9/12/2024 10:58 PM Page 1

ਭਗਤਾ ਭਾਈਕਾ ਦੀ ਅਨਾਜ ਮੰਡੀ 'ਚ ਲੱਗੇ ਗੰਦਗੀ ਦੇ ਢੇਰ, ਲੋਕ ਪ੍ਰੇਸ਼ਾਨ

- ਬੱਕਰੀਆਂ ਚਰਾਉਣ ਵਾਲਿਆਂ ਨੇ ਵੀ ਕੀਤਾ ਨੱਕ 'ਚ ਦਮ
- ਜਲਦ ਹੀ ਇਸ ਮਸਲੇ ਦਾ ਹੱਲ ਕਰ ਦਿੱਤਾ ਜਾਵੇਗਾ : ਅਧਿਕਾਰੀ

ਅਨਾਜ ਮੰਡੀ 'ਚ ਫੈਲੀ ਗੰਦਗੀ ਦੀਆਂ ਤਸਵੀਰਾਂ।

ਬਠਿੰਡਾ (ਪਰਵਿੰਦਰ ਜੀਤ ਸਿੰਘ/ਰਾਜੀਵ ਗੋਇਲ)-ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਦੀ ਅਨਾਜ ਮੰਡੀ 'ਚ ਫੈਲੀ ਗੰਦਗੀ ਤੋਂ ਸ਼ਹਿਰ ਵਾਸੀ ਪ੍ਰੇਸ਼ਾਨ ਨਜ਼ਰ ਆ ਰਹੇ ਹਨ, ਕਿਉਂਕਿ ਝੁੱਗੀ ਝੌਂਪੜੀ ਵਾਲਿਆਂ ਵੱਲੋਂ ਮੰਡੀ ਅੰਦਰ ਹਰ ਰੋਜ਼ ਗੰਦ ਖਿਲਾਰਿਆ ਜਾ ਰਿਹਾ ਹੈ। ਸਵੇਰ ਵੇਲੇ ਮੰਡੀ ਵਿੱਚ ਸੈਰ ਕਰਨ ਵਾਲੇ ਲੋਕ ਇਸ ਗੰਦਗੀ ਤੋਂ ਡਾਢੇ ਪ੍ਰੇਸ਼ਾਨ ਨਜ਼ਰ ਆ ਰਹੇ ਹਨ। ਥਾਂ-ਥਾਂ ਖਿਲਾਰੀ ਇਸ ਗੰਦਗੀ ਵਿੱਚ ਅਵਾਰਾ ਪਸ਼ੂ ਮੂੰਹ ਮਾਰਦੇ ਆਮ ਦੇਖੇ ਜਾ ਸਕਦੇ ਹਨ। ਇਸ ਤੋਂ ਇਲਾਵਾ ਇਸ ਗੰਦਗੀ ਕਾਰਨ ਬਿਮਾਰੀਆਂ ਫੈਲਣ ਦਾ ਖਤਰਾ ਆਮ ਬਣਿਆ ਹੋਇਆ ਹੈ। ਹਰ ਛਿਮਾਹੀ ਕਿਸਾਨ ਆਪਣੀ ਫਸਲ ਲੈ ਕੇ ਸਰਕਾਰ ਨੂੰ ਵੇਚਣ ਲਈ ਇਸ ਮੰਡੀ ਵਿੱਚ ਆਉਂਦੇ ਹਨ, ਪਰ ਜੇਕਰ ਹੁਣ ਮੌਜੂਦਾ ਸਥਿਤੀ ਦੇਖੀ ਜਾਵੇ ਤਾਂ ਇੱਥੇ ਫਸਲ ਤਾਂ ਕੀ ਕੋਈ ਜਾਨਵਰ ਰੱਖਣ ਦੇ ਵੀ ਇਹ ਜਗ੍ਹਾ ਕਾਬਿਲ ਨਹੀਂ ਹੈ। ਗੱਲਬਾਤ ਕਰਦੇ ਹੋਏ ਇੱਕ ਆੜ੍ਹਤੀਏ ਨੇ ਦੱਸਿਆ ਕਿ ਮੰਡੀ ਅੰਦਰ ਜਿਹੜੇ ਲੋਕ ਬੱਕਰੀਆਂ ਚਾਰਨ ਲਈ ਆਉਂਦੇ ਹਨ, ਉਹ ਮੰਡੀ ਕਿਨਾਰੇ ਲੱਗੇ ਦਰੱਖਤਾਂ ਨੂੰ ਬੱਕਰੀਆਂ ਲਈ ਵੱਢ ਦਿੰਦੇ ਹਨ, ਜਿਸ ਨਾਲ ਗਰਮੀ ਦੇ ਸੀਜ਼ਨ ਵਿੱਚ ਮੰਡੀ ਅੰਦਰ ਕੰਮ ਕਰਨ ਵਾਲੀ ਲੇਬਰ ਤੇ ਕਿਸਾਨ ਧੁੱਪ ਵਿੱਚ ਬੈਠਣ ਲਈ ਮਜਬੂਰ ਹੋ ਜਾਂਦੇ ਹਨ।

ਉਧਰ ਇਸ ਮਸਲੇ ਨੂੰ ਲੈ ਕੇ ਜਦੋਂ ਮਾਰਕੀਟ ਕਮੇਟੀ ਦੇ ਇੱਕ ਅਧਿਕਾਰੀ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਅਸੀਂ ਆਪਣੇ ਪੱਧਰ 'ਤੇ ਇਨ੍ਹਾਂ ਝੁੱਗੀ ਝੌਂਪੜੀ ਵਾਲਿਆਂ ਨੂੰ ਵਾਰ-ਵਾਰ ਆਖ ਚੁੱਕੇ ਹਾਂ, ਇੱਥੋਂ ਤੱਕ ਕਿ ਪੁਲਸ ਪ੍ਰਸ਼ਾਸਨ ਨੂੰ ਵੀ ਕਹਿ ਚੁੱਕੇ ਹਾਂ, ਪਰ ਪ੍ਰਸ਼ਾਸਨ ਵੱਲੋਂ ਫੋਰਸ ਘੱਟ ਹੋਣ ਬਾਰੇ ਕਹਿ ਦਿੱਤਾ ਜਾਂਦਾ ਹੈ। ਸਫਾਈ ਬਾਰੇ ਉਨ੍ਹਾਂ ਕਿਹਾ ਕਿ ਇਹ ਮਸਲਾ ਅੱਜਕੱਲ੍ਹ 'ਚ ਜਲਦੀ ਹੀ ਹੱਲ ਕਰਵਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜਲਦ ਹੀ ਅਨਾਜ ਮੰਡੀ ਦੇ ਦੋਵੇਂ ਪਾਸੇ ਰੇਲਿੰਗ ਗੇਟ ਲਗਾ ਦਿੱਤੇ ਜਾਣਗੇ ਤਾਂ ਕਿ ਅਜਿਹੇ ਲੋਕ ਆਪਣੀ ਮਹਿਕਮੇ ਵਿਰੋਧੀ ਕਾਰਵਾਈ ਨਾ ਕਰ ਸਕਣ।

ਪੀ ਐੱਸ ਯੂ ਸ਼ਹੀਦ ਰੰਧਾਵਾ ਵੱਲੋਂ 28 ਨੂੰ ਖਟਕੜ ਕਲਾਂ 'ਚ ਰੈਲੀ

ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਤੋਂ ਮਿਊਜ਼ੀਅਮ ਤੱਕ ਕੀਤਾ ਜਾਵੇਗਾ ਵਿਦਿਆਰਥੀ ਮਾਰਚ

ਮੂਨਕ (ਰਾਜਪਾਲ ਸਿੰਗਲਾ)-ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਦੇ ਸੂਬਾਈ ਆਗੂ ਹੁਸ਼ਿਆਰ ਸਲੇਮਗੜ੍ਹ ਤੇ ਅਮਿਤੋਜ ਮੌੜ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਸ਼ਹੀਦ ਦੇ ਪਿੰਡ ਖਟਕੜ ਕਲਾਂ ਵਿਖੇ ਰੈਲੀ ਤੇ ਮਾਰਚ ਰਾਹੀਂ ਸ਼ਰਧਾਂਜਲੀ ਦਿੱਤੀ ਜਾਵੇਗੀ।ਮਾਤਾ ਵਿੱਦਿਆਵਤੀ ਪਾਰਕ ਦੇ ਵਿੱਚ ਰੈਲੀ ਤੋਂ ਬਾਅਦ ਸ਼ਹੀਦ ਭਗਤ ਸਿੰਘ ਦੇ ਘਰ ਤੋਂ ਮਿਊਜ਼ੀਅਮ ਤੱਕ ਇਨਕਲਾਬੀ ਨਾਹਰਿਆਂ ਰਾਹੀਂ ਵਿਦਿਆਰਥੀ ਮਾਰਚ ਕੀਤਾ ਜਾਵੇਗਾ ਤੇ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ।ਵਿਦਿਆਰਥੀ ਆਗੂਆਂ ਨੇ ਕਿਹਾ ਕਿ ਅੱਜ ਜਦੋਂ ਪੰਜਾਬ ਦੀ ਆਪ ਪਾਰਟੀ ਵੱਲੋਂ ਸ਼ਹੀਦ ਭਗਤ ਸਿੰਘ ਦੀ ਛਵੀ ਦੀ ਵਰਤੋਂ ਕਰਕੇ ਲੋਕਾਂ ਚ ਸ਼ਹੀਦ ਦੇ ਵਿਚਾਰਾਂ ਪ੍ਰਤੀ ਧੁੰਦਲਕਾ ਖੜ੍ਹਾ ਕੀਤਾ ਜਾ ਰਿਹਾ ਹੈ ਜਦੋਂ ਨੌਜਵਾਨ ਬੇਰੁਜ਼ਗਾਰੀ ਦੀ ਮਾਰ ਹੰਢਾ ਰਹੇ ਹਨ ਤੇ ਵਿਦੇਸ਼ਾਂ ਵੱਲ ਜਾਣ ਦਾ ਰੁਝਾਨ ਜ਼ੋਰਾਂ 'ਤੇ ਹੈ।

ਬੀਜੇਪੀ ਵੱਲੋਂ ਜਾਤਪਾਤੀ ਪੱਤਾ ਵਰਤ ਕੇ ਕਿਸਾਨ ਮਜ਼ਦੂਰ ਸਾਂਝ ਨੂੰ ਪਿੰਡਾਉਣ ਦੀਆਂ ਚਾਲਾਂ ਜੱਗ ਜ਼ਾਹਰ ਹਨ। ਉਨ੍ਹਾਂ ਕਿਹਾ ਕਿ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਪਹੁੰਚ ਕੇ ਸੈਂਕੜੇ ਵਿਦਿਆਰਥੀ ਸ਼ਹੀਦ ਨੂੰ ਸ਼ਰਧਾਂਜਲੀ ਦੇਣਗੇ।ਉਨ੍ਹਾਂ ਕਿਹਾ ਕਿ 28 ਸਤੰਬਰ ਦੇ ਪ੍ਰੋਗਰਾਮ ਦੀ ਤਿਆਰੀ ਲਈ ਸਕੂਲਾਂ, ਕਾਲਜਾਂ, ਆਈ ਟੀ ਆਈਜ਼ ਆਦਿ ਵਿੱਦਿਅਕ ਸੰਸਥਾਵਾਂ ਅਤੇ ਪਿੰਡਾਂ ਤੇ ਸ਼ਹਿਰਾਂ ਵਿੱਚ ਮੀਟਿੰਗਾਂ, ਰੈਲੀਆਂ, ਪੋਸਟਰ ਤੇ ਲੀਫਲੈਟ ਰਾਹੀਂ ਮੁਹਿੰਮ ਚਲਾਈ ਜਾਵੇਗੀ।ਉਨ੍ਹਾਂ ਵਿਦਿਆਰਥੀਆਂ ਨੂੰ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵੱਡੀ ਗਿਣਤੀ 'ਚ ਕਾਫ਼ਲੇ ਬੰਨ੍ਹ ਕੇ ਪਹੁੰਚਣ ਦੀ ਅਪੀਲ ਕੀਤੀ।

ਵਿਦਿਆਰਥੀ ਸੁਰੱਖਿਆ ਮਹਾਪ੍ਰਗਯ ਸਕੂਲ ਲਈ ਸਰਵ-ਉੱਤਮ : ਵਿਸ਼ਾਲ ਜੈਨ

ਜਗਰਾਉਂ (ਅਮਿਤ ਖੰਨਾ)-ਰਾਏਕੋਟ ਰੋਡ 'ਤੇ ਸਥਿਤ ਜਗਰਾਉਂ ਦੇ ਮੋਹਰੀ ਮਹਾਪ੍ਰਗਯ ਸਕੂਲ ਦੇ ਡਾਇਰੈਕਟਰ ਵਿਸ਼ਾਲ ਜੈਨ ਨੇ ਅੱਜਕੱਲ੍ਹ ਸਮਾਜ ਵਿੱਚ ਵਾਪਰ ਰਹੀਆਂ ਅਣਸੁਖਾਵੀਂ ਘਟਨਾਵਾਂ ਤੇ ਗੱਲਬਾਤ ਦੌਰਾਨ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸਬੰਧੀ ਸਾਡੇ ਸਕੂਲ ਵੱਲੋਂ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।ਬੱਚਿਆਂ ਦੇ ਸਰਵਪੱਖੀ ਵਿਕਾਸ ਦੇ ਨਾਲ-ਨਾਲ ਉਨ੍ਹਾਂ ਦਾ ਸੁਰੱਖਿਅਤ ਹੋਣਾ ਬਹੁਤ ਜ਼ਰੂਰੀ ਹੈ ਤੇ ਸਕੂਲ ਦੇ ਅਧਿਆਪਕ ਬੱਚਿਆਂ ਦੇ ਸਕੂਲ ਆਉਣ ਤੋਂ ਪਹਿਲਾਂ ਸਕੂਲ ਵਿੱਚ ਹਾਜ਼ਰ ਹੁੰਦੇ ਹਨ ਤਾਂ ਜੋ ਬੱਚਿਆਂ ਦੀ ਹਰ ਪੱਖ ਤੋਂ ਨਿਗਰਾਨੀ ਰੱਖੀ ਜਾ ਸਕੇ।ਸਕੂਲ ਵਿੱਚ ਛੁੱਟੀ ਹੋਣ ਸਮੇਂ ਗੇਟ ਪਾਸ ਦੇਖਣ ਉਪਰੰਤ ਹੀ ਬੱਚਿਆਂ ਨੂੰ ਮਾਂ-ਬਾਪ ਨਾਲ ਭੇਜਿਆ ਜਾਂਦਾ ਹੈ, ਗੇਟ ਪਾਸ ਨਾ ਹੋਣ 'ਤੇ ਪੂਰੀ ਜਾਂਚ-ਪੜਤਾਲ ਕਰਨ ਤੇ ਬੱਚਿਆਂ ਨੂੰ ਸਕੂਲ ਤੋਂ ਬਾਹਰ ਭੇਜਿਆ ਜਾਂਦਾ ਹੈ।ਵਿਸ਼ਾਲ ਜੈਨ ਵੱਲੋਂ ਸੁਝਾਅ ਵੀ ਦਿੱਤਾ ਗਿਆ ਕਿ ਇਸ ਸਬੰਧੀ ਮਾਪਿਆਂ ਨੂੰ ਸਕੂਲ ਦੇ ਅਧਿਕਾਰੀਆਂ ਨਾਲ ਸਹਿਯੋਗ ਦੇਣਾ ਬਹੁਤ ਜ਼ਰੂਰੀ ਹੈ।ਸਭ ਤੋਂ ਚੰਗੀ ਗੱਲ ਦੱਸੀ ਗਈ ਕਿ ਸਕੂਲ ਦੇ ਅਧਿਆਪਕ ਮਾਂ-ਬਾਪ ਦੀ ਤਰ੍ਹਾਂ ਬੱਚਿਆਂ ਨੂੰ ਚੰਗੇ ਸੰਸਕਾਰ ਦੇਣ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਦੇ ਰਹੇ ਹਨ ਅਤੇ ਸਕੂਲ ਵਿੱਚ ਕੰਮ ਕਰ ਰਹੇ ਅਧਿਆਪਕ ਤੇ ਡਰਾਈਵਰ, ਕੰਡਕਟਰ ਨਸ਼ਾ ਮੁਕਤ ਹਨ ਅਤੇ ਹਰ ਪੱਖ ਤੋਂ ਸਰਬ ਉੱਤਮ ਹਨ।ਉਨ੍ਹਾਂ ਦੱਸਿਆ ਕਿ ਪੜ੍ਹਾਈ ਦੇ ਨਾਲ ਬੱਚਿਆਂ ਨੂੰ ਸੁਰੱਖਿਅਤ ਰੱਖਣਾ ਸਾਡਾ ਪਹਿਲਾ ਫਰਜ਼ ਹੈ, ਸਕੂਲ ਤੋਂ ਘਰ ਤੱਕ ਆਉਣ-ਜਾਣ ਲਈ ਬੱਸਾਂ ਦਾ ਸੁਚੱਜਾ ਪ੍ਰਬੰਧ ਹੈ।ਸਾਰੇ ਹੀ ਸਕੂਲਾਂ ਦਾ ਪੱਖ ਲੈਂਦੇ ਸਮੇਂ ਉਨ੍ਹਾਂ ਸਰਕਾਰ ਅੱਗੇ ਇਹ ਮੰਗ ਵੀ ਰੱਖੀ ਕਿ ਸਕੂਲੀ ਬੱਸਾਂ ਦੇ ਟੈਕਸ ਤੇ ਹੋਰ ਕਾਗਜ਼ੀ ਖਰਚਿਆਂ ਵਿੱਚ ਸਰਕਾਰ ਨੂੰ ਛੋਟ ਦੇਣੀ ਚਾਹੀਦੀ ਹੈ ਤਾਂ ਜੋ ਮਾਪੇ ਘੱਟ ਖਰਚੇ ਵਿੱਚ ਆਪਣੇ ਬੱਚਿਆਂ ਨੂੰ ਚੰਗੇ ਸਕੂਲਾਂ ਵਿੱਚ ਭੇਜ ਸਕਣ।ਉਨਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਬੱਚਿਆਂ ਨੂੰ ਕੁਦਰਤੀ ਆਫਤ ਸਮੇਂ ਮੁਢਲੀ ਸਹਾਇਤਾ ਸਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ ਤੇ ਸਕੂਲ ਵਿੱਚ ਇਸ ਸਬੰਧੀ ਹਰ ਪੁਖਤਾ ਪ੍ਰਬੰਧ ਹਨ।

ਫਾਰਚੂਨਰ ਖੋਹ ਕੇ ਲੈ ਜਾਣ ਦੇ ਦੋਸ਼ 'ਚ ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮੋਹਾਲੀ ਦੇ ਇੱਕ ਬਿਲਡਰ ਤੋਂ ਫਾਰਚੂਨਰ ਗੱਡੀ ਖੋਹ ਲੈ ਜਾਣ ਦੇ ਦੋਸ਼ ਹੇਠ ਸਰਹਿੰਦ ਪੁਲਸ ਵੱਲੋਂ ਤਿੰਨ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਜੈ ਅਗਰਵਾਲ ਵਾਸੀ ਪਟਿਆਲਾ ਨੇ ਦੱਸਿਆ ਕਿ ਉਹ ਮੋਹਾਲੀ ਵਿਖੇ ਬਿਲਡਰ ਦਾ ਕੰਮ ਕਰਦਾ ਹੈ, ਜਿੱਥੇ ਗੱਡੀਆਂ ਦੀ ਖਰੀਦੋ ਫਰੋਖਤ ਦੇ ਸਬੰਧ ਵਿੱਚ ਉਸ ਦੀ ਮੁਲਾਕਾਤ ਸਤਿੰਦਰ ਸਿੰਘ ਨਾਮਕ ਵਿਅਕਤੀ ਨਾਲ ਹੋਈ, ਜਿਸ ਤੋਂ ਉਸ ਨੇ ਫਾਰਚੂਨਰ ਗੱਡੀ ਖਰੀਦ ਲਈ, ਜਿਸ ਦੀ ਬਣਦੀ ਕੀਮਤ ਉਸ ਵੱਲੋਂ ਦੇ ਦਿੱਤੀ ਗਈ ਤੇ ਕੁਝ ਪੈਸੇ ਗੱਡੀ ਨਾਮ ਸੰਬੰਧੀ ਕਾਗਜ਼ਾਤ ਦੇਣ ਉਪਰੰਤ ਦੇਣੇ ਕੀਤੇ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਉਕਤ ਵਿਅਕਤੀ ਵੱਲੋਂ ਉਸ ਨੂੰ ਸਰਹਿੰਦ ਦੇ ਇੱਕ ਰੈਸਟੋਰੈਂਟ 'ਚ ਬੁਲਾਇਆ ਗਿਆ, ਜਿੱਥੇ ਸਤਿੰਦਰ ਸਿੰਘ ਤੇ ਉਸ ਦੇ ਦੋ ਹੋਰ ਨਾਮਾਲੂਮ ਸਾਥੀ ਚਾਕੂਨੁਮਾ ਚੀਜ਼ ਦਿਖਾ ਕੇ ਧਮਕਾਉਂਦੇ ਹੋਏ ਉਸ ਤੋਂ ਚਿੱਟੇ ਰੰਗ ਦੀ ਟੈਂਪਰੇਰੀ ਨੰਬਰ ਫਾਰਚੂਨਰ ਗੱਡੀ ਖੋਹ ਕੇ ਫ਼ਰਾਰ ਹੋ ਗਏ।

ਕਾਤਰਾਂ

ਤਿੰਨ ਦਿਨਾ ਮੁਫਤ ਟ੍ਰੇਨਿੰਗ ਕੈਂਪ 17 ਤੋਂ

ਮਲੋਟ (ਗੁਰਮੀਤ ਸਿੰਘ ਮੱਕੜ)-ਸ੍ਰੀ ਕੇਵਲ ਕ੍ਰਿਸ਼ਨ ਸਹਾਇਕ ਡਾਇਰੈਕਟਰ ਮੱਛੀ ਪਾਲਣ ਸ੍ਰੀ ਮੁਕਤਸਰ ਸਾਹਿਬ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ ਤੇ ਫਰੀਦਕੋਟ ਦੀਆਂ ਖਾਰੇਪਣ ਅਤੇ ਸੇਮ ਪ੍ਰਭਾਵਿਤ ਜ਼ਮੀਨਾਂ ਵਿੱਚ ਸ਼ਰਿਪ ਕਲਚਰ ਕਰ ਰਹੇ ਕਿਸਾਨਾਂ ਤੇ ਹੋਰ ਨਵੇਂ ਚਾਹਵਾਨ ਕਿਸਾਨਾਂ ਲਈ 17 ਸਤੰਬਰ 2024 ਤੋਂ 19 ਸਤੰਬਰ 2024 ਤੱਕ ਡੈਮੋਨਸਟ੍ਰੇਸ਼ਨ ਫਾਰਮ-ਕਮ-ਟ੍ਰੇਨਿੰਗ ਸੈਂਟਰ, ਈਨਾ ਖੇੜਾ ਵਿਖੇ ਤਿੰਨ ਰੋਜ਼ਾ ਮੁਫਤ ਟ੍ਰੇਨਿੰਗ ਕੈਂਪ ਲਾਇਆ ਜਾ ਰਿਹਾ ਹੈ। ਇਨ੍ਹਾਂ ਜ਼ਿਲ੍ਹਿਆ ਦੇ ਮੱਛੀ ਪਾਲਣ ਕਾਸ਼ਤਕਾਰਾਂ ਵੱਲੋਂ ਇਸ ਕੈਂਪ ਵਿੱਚ ਭਾਗ ਲਿਆ ਜਾਣਾ ਹੈ। ਇਸ ਕੈਂਪ ਦੌਰਾਨ ਫਾਰਮਰਾਂ ਨੂੰ ਝੀਂਗਾ ਪਾਲਣ ਤੇ ਮੱਛੀ ਪਾਲਣ ਦੀਆਂ ਨਵੀਆਂ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਚਾਹਵਾਨ ਸਿਖਿਆਰਥੀ 16 ਸਤੰਬਰ 2024 ਤੱਕ ਆਪਣਾ ਨਾਮ ਰਜਿਸਟਰ ਕਰਵਾ ਸਕਦੇ ਹਨ। ਵਧੇਰੇ ਜਾਣਕਾਰੀ ਲਈ ਮੱਛੀ ਪਾਲਣ ਅਫਸਰ ਸ੍ਰੀ ਹਰਵਿੰਦਰ ਸਿੰਘ ਮੋਬਾਇਲ ਨੰ. 97790-90399 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਪੱਤਰਕਾਰ ਬਰਾੜ ਦੇ ਪਿਤਾ ਨੂੰ ਭਾਵਭਿੰਨੀਆਂ ਸ਼ਰਧਾਂਜਲੀਆਂ

ਬਠਿੰਡਾ (ਪਰਵਿੰਦਰ ਜੀਤ ਸਿੰਘ/ਰਾਜੀਵ ਗੋਇਲ)-ਜ਼ਿਲ੍ਹਾ ਦੇ

ਸਟੇਸ਼ਨ ਭਗਤਾ ਤੋਂ ਕੰਮ ਕਰ ਰਹੇ ਪੱਤਰਕਾਰ ਜਸਅਮਨਦੀਪ ਸਿੰਘ ਬਰਾੜ ਦੇ ਪਿਤਾ ਹਰਨੇਕ ਸਿੰਘ ਦੀ ਪਿਛਲੇ ਦਿਨੀਂ ਸੰਖੇਪ ਬਿਮਾਰੀ ਦੇ ਚਲਦਿਆਂ ਮੌਤ ਹੋ ਗਈ ਸੀ, ਜਿਸ ਤੋਂ ਬਾਅਦ ਪੱਤਰਕਾਰ ਭਾਈਚਾਰੇ ਤੋਂ ਇਲਾਵਾ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਵੱਲੋਂ ਵੀ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਦੁੱਖ ਸਾਂਝਾ ਕੀਤਾ ਗਿਆ ਸੀ। ਉਨ੍ਹਾਂ ਦੇ ਜੱਦੀ ਪਿੰਡ ਸੁਖਾਨੰਦ ਦੇ ਗੁਰਦੁਆਰਾ ਸਾਹਿਬ ਵਿਖੇ ਅੰਤਿਮ ਅਰਦਾਸ ਮੌਕੇ ਸ਼ਾਮਲ ਹੋਈਆਂ ਵੱਖ-ਵੱਖ ਸ਼ਖਸੀਅਤਾਂ ਵੱਲੋਂ ਮਰਹੂਮ ਹਰਨੇਕ ਸਿੰਘ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਟ ਕਰਦੇ ਹੋਏ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਸਮੂਹ ਪਿੰਡ ਵਾਸੀਆਂ ਤੋਂ ਇਲਾਵਾ ਪੱਤਰਕਾਰ ਨਵਜੋਤ ਬਜਾਜ, ਕੇਸ਼ਵ ਕੁਮਾਰ, ਰਾਜੀਵ ਗੋਇਲ, ਤੇਜਿੰਦਰ ਸੋਢੀ, ਅਵਤਾਰ ਸਿੰਘ ਮੱਲਾ, ਜਸਵੀਰ ਸਿੰਘ ਵੱਲੋਂ ਵੀ ਹਾਜ਼ਰੀ ਭਰੀ ਗਈ।

ਪੰਪ ਠੀਕ ਕਰਵਾਉਣ ਦੇ ਨਿਰਦੇਸ਼

ਫਾਜ਼ਿਲਕਾ (ਨਿਸ਼ਾ ਸ਼ਰਮਾ)-ਪਿੰਡ ਜੰਡਵਾਲਾ ਹਨੂੰਵੰਤਾ ਦੇ ਛੱਪੜ ਦੇ ਓਵਰਫਲੋਅ ਹੋਣ ਸਬੰਧੀ ਮੀਡੀਆ ਦੇ ਇੱਕ ਹਿੱਸੇ ਵਿੱਚ ਛਪੀ ਖ਼ਬਰ ਸਬੰਧੀ ਖੂਈਆਂ ਸਰਵਰ ਬਲਾਕ ਦੇ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਗਗਨਦੀਪ ਕੌਰ ਨੇ ਕਿਹਾ ਕਿ ਛੱਪੜ ਤੋਂ ਪਾਣੀ ਦੀ ਨਿਕਾਸੀ ਲਈ ਲਗਾਈ ਗਈ ਮੋਟਰ ਦੇ ਖਰਾਬ ਹੋ ਜਾਣ ਕਾਰਨ ਇਹ ਦਿੱਕਤ ਆਈ ਹੈ ਤੇ ਵਿਭਾਗ ਨੇ ਇਸ ਨੂੰ ਤਰੰਤ ਠੀਕ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ।ਉਨ੍ਹਾ ਕਿਹਾ ਕਿ ਜਲਦ ਹੀ ਛੱਪੜ ਵਿੱਚੋਂ ਪਾਣੀ ਦੀ ਨਿਕਾਸੀ ਕਰਵਾ ਦਿੱਤੀ ਜਾਵੇਗੀ।

1500 ਨਸ਼ੇ ਦੀਆਂ ਗੋਲੀਆਂ ਸਣੇ 2 ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ 1500 ਨਸ਼ੇ ਦੀਆਂ ਗੋਲੀਆਂ ਸਣੇ 2 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਬਿਸ਼ਨ ਰਾਮ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਨਾਲ ਗਸ਼ਤ ਦੌਰਾਨ ਤਹਿਸੀਲ ਰੋਡ 'ਤੇ ਸਥਿਤ ਜੰਮੂ ਬਸਤੀ ਹਨੂੰਮਾਨ ਮੰਦਰ ਦੇ ਨਜ਼ਦੀਕ ਨਾਕਾਬੰਦੀ ਕੀਤੀ ਹੋਈ ਸੀ ਅਤੇ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਦੌਰਾਨ ਇਕ ਮੋਟਰਸਾਈਕਲ 'ਤੇ 2 ਨੌਜਵਾਨ ਆ ਰਹੇ ਸੀ, ਜਿਨ੍ਹਾਂ ਨੂੰ ਰੋਕਿਆ ਗਿਆ। ਇਨ੍ਹਾਂ ਵਿਅਕਤੀਆਂ ਦੇ ਮੋਟਰਸਾਈਕਲ ਦੇ ਹੈਂਡਲ ਨਾਲ ਇਕ ਲਿਫਾਫਾ ਬੰਨ੍ਹਿਆ ਹੋਇਆ ਸੀ, ਜਿਸ ਨੂੰ ਚੈੱਕ ਕਰਨ 'ਤੇ ਲਿਫਾਫੇ ਵਿੱਚੋਂ 3 ਡੱਬੇ ਕੁੱਲ 1500 ਨਸ਼ੇ ਦੀਆਂ ਗੋਲੀਆਂ ਸਮੇਤ ਇੱਕ ਮੋਟਰਸਾਈਕਲ ਹੀਰੋ ਹਾਂਡਾ ਡੀਲਕਸ ਅਤੇ ਸੰਦੀਪ ਸਿੰਘ ਉਰਫ ਭੱਟੀ ਪੁੱਤਰ ਜਗਤਾਰ ਸਿੰਘ ਤੇ ਬਲਵਿੰਦਰ ਸਿੰਘ ਉਰਫ ਬਿੰਦਰ ਪੁੱਤਰ ਗੁਰਬਚਨ ਸਿੰਘ ਵਾਸੀਆਨ ਗੁਮਾਨੀ ਵਾਲਾ ਖੂਹ (ਥਾਣਾ ਵੈਰੋਕੇ) ਨੂੰ ਕਾਬੂ ਕੀਤਾ ਗਿਆ।

ਔਰਤ ਦਾ ਪਰਸ ਖੋਹ ਕੇ ਫਰਾਰ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਬਠਿੰਡਾ ਸ਼ਹਿਰ ਦੇ ਗੋਨਿਆਣਾ ਰੋਡ ਤੋਂ ਅਣਪਛਾਤਾ ਵਿਅਕਤੀ ਇਕ ਔਰਤ ਦਾ ਦਿਨ ਦਿਹਾੜੇ ਪਰਸ ਖੋਹ ਕੇ ਫਰਾਰ ਹੋ ਗਿਆ।ਥਾਣ

13-SEP-PAGE-8.qxd 9/12/2024 11:14 PM Page 1

ਕਾਲਾ ਸੰਘਿਆਂ 'ਚ ਨਕਸਲਬਾੜੀ ਲਹਿਰ ਦੇ ਸ਼ਹੀਦਾਂ ਨੂੰ ਕੀਤਾ ਯਾਦ

ਕਾਲਾ ਸੰਘਿਆਂ (ਮਨਜੀਤ ਮਾਨ) ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ - ਲੈਨਿਨਵਾਦੀ) ਨਿਊ ਡੈਮੋਕਰੇਸੀ ਵਲੋਂ ਕਾਲਾ ਸੰਘਿਆਂ ਲੋਕ ਘੋਲਾਂ ਦੇ ਸੰਗਰਾਮੀ ਨਕਸਲਬਾੜੀ ਲਹਿਰ 1973 ਦੇ ਲੋਕ ਹਿਤੈਸ਼ੀ ਘੋਲਾਂ ਵਿੱਚ ਜਾਨਾਂ ਵਾਰਨ ਵਾਲੇ 7 ਨਕਸਲੀ ਸ਼ਹੀਦ ਸਾਥੀਆਂ ਮਾਸਟਰ ਤੇਜਾ ਸਿੰਘ ਕਾਲਾ ਸੰਘਿਆਂ, ਜੋਗਿੰਦਰ ਸਿੰਘ ਜਿੰਦ, ਸਵਰਨ ਸਿੰਘ ਢੱਡਾ, ਤਰਸੇਮ ਸਿੰਘ ਟੁੱਟ ਸ਼ੇਰ ਸਿੰਘ, ਗੁਰਦੀਪ ਸਿੰਘ ਦੀਪਾ ਗੋਬਿੰਦਪੁਰ , ਗੁਰਦਿਆਲ ਸਿੰਘ ਕਾਲਾ ਸੰਘਿਆਂ, ਬਿਕਰਮਜੀਤ ਸਿੰਘ ਬਿੱਲੂ ਸਾਦਿਕਪੁਰ ਦੀ ਯਾਦ ਵਿੱਚ ਵਿਸ਼ਾਲ ਸ਼ਹੀਦੀ ਸਮਾਗਮ 9 ਸਤੰਬਰ ਨੂੰ ਪਾਰਟੀ ਵੱਲੋਂ ਨਕਸਲੀ ਲਹਿਰ ਦੇ ਸ਼ਹੀਦਾਂ ਦੀ ਯਾਦ ਵਿੱਚ ਬਣੀ ਸਮਾਰਕ 'ਤੇ ਸਵੇਰੇ 11 ਵਜੇ ਪਾਰਟੀ ਦੇ ਸੀਨੀਅਰ ਸੂਬਾਈ ਆਗੂ ਕਾਮਰੇਡ ਅਜਮੇਰ ਸਿੰਘ ਵੱਲੋਂ ਇਨਕਲਾਬੀ ਨਾਹਰਿਆਂ ਦੀ ਗੂੰਜ ਹੇਠ ਸ਼ਹੀਦੀ ਯਾਦਗਾਰ 'ਤੇ ਝੰਡਾ ਝੁਲਾਇਆ ਗਿਆ । ਉਪਰੰਤ ਸ਼ਹੀਦਾਂ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ ਮੌਕੇ ਜੋਤੀ ਪੈਲਸ ਵਿਖੇ ਵਿਸ਼ਾਲ ਸਿਆਸੀ ਕਾਨਫਰੰਸ ਕੀਤੀ ਗਈ। ਮੁੱਖ ਬੁਲਾਰਿਆ 'ਚ ਪਾਰਟੀ ਦੇ ਸੀਨੀਅਰ ਸੂਬਾਈ ਆਗੂ ਕਾਮਰੇਡ ਅਜਮੇਰ ਸਿੰਘ ਅਤੇ ਕਾਮਰੇਡ ਕੁਲਵਿੰਦਰ ਸਿੰਘ ਵੜੈਚ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਲੋਕ ਘੋਲਾਂ ਦੇ ਸੰਗਰਾਮੀ ਸ਼ਹੀਦ ਸਾਥੀਆਂ ਦਾ ਸੁਪਨਾ ਸੀ ਚੰਗਾ ਤੇ ਖੁਸ਼ਹਾਲ ਸਿਹਤਮੰਦ ਬਰਾਬਰਤਾ ਵਾਲਾ ਸਮਾਜ ਸਿਰਜਣ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਇਹਨਾਂ ਸ਼ਹੀਦ ਸਾਥੀਆਂ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰਨ ਲਈ ਕਿਸਾਨਾਂ ਮਜ਼ਦੂਰਾਂ ਮੁਲਾਜ਼ਮਾਂ ਤੇ ਹਰ ਵਰਗ ਦੇ ਲੋਕਾਂ ਨੂੰ ਵਿਸ਼ਾਲ ਪੱਧਰ ਇਕੱਠੇ ਹੋ ਕੇ ਤਿੱਖਾ ਸੰਘਰਸ਼ ਕਰਦਿਆਂ ਅਧੂਰੇ ਕਾਰਜਾਂ ਨੂੰ ਪੂਰਾ ਕੀਤਾ ਜਾ ਸਕਦਾ ਹੈ। ਉਹਨਾਂ ਆਖਿਆ ਕਿ ਨਕਸਲਬਾੜੀ ਲਹਿਰ ਦੇ ਸ਼ਹੀਦਾਂ ਨੂੰ ਅੱਧੀ ਸਦੀ ਦਾ ਸਮਾਂ ਬੀਤ ਗਿਆ ਹੈ।ਸੰਘਰਸ਼ਸੀਲ ਲੋਕ ਉਹਨਾਂ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਉਨ੍ਹਾਂ ਦੀਆਂ ਯਾਦਾਂ ਲੋਕ ਮਨਾਂ ਵਿੱਚ ਹਨ। ਲੋਕ ਸ਼ੰਘਰਸ਼ਾਂ ਦੇ ਮੈਦਾਨ ਵਿੱਚ ਨਿੱਤਰ ਰਹੇ ਹਨ ਦੂਜੇ ਪਾਸੇ ਮੋਦੀ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਨੂੰ ਖੁਸ਼ ਕਰਨ ਲਈ ਕੇਂਦਰੀ ਏਜੰਸੀਆਂ ਰਾਹੀਂ ਜ਼ੁਬਾਨਬੰਦੀ ਕਰਨ ਲਈ ਐਨ ਆਈ ਏ ਵੱਲੋਂ ਚੰਡੀਗੜ੍ਹ ਤੇ ਪੰਜਾਬ ਸਮੇਤ ਪੰਜ ਸੂਬਿਆਂ ਵਿੱਚ ਛਾਪੇਮਾਰੀ ਕੀਤੀ ਹੈ, ਜਿਸ ਵਿੱਚ ਚੰਡੀਗੜ੍ਹ ਤੋਂ ਵਕੀਲ ਅਜੇ ਸਿੰਗਲ ਨੂੰ ਗ੍ਰਿਫਤਾਰ ਕੀਤਾ ਹੈ ਤੇ ਕਈ ਵਿਅਕਤੀਆਂ ਨੂੰ ਲਖਨਊ ਐਨ ਆਈ ਏ ਦੇ ਦਫਤਰ ਪੇਸ਼ ਹੋਣ ਲਈ ਨੋਟਿਸ ਦਿੱਤਾ ਹੈ । ਇਹ ਸਾਰੀ ਕਾਰਵਾਈ ਉੱਤਰ ਪ੍ਰਦੇਸ਼ ਵਿਚ ਦਰਜ ਇੱਕ ਸਾਲ ਪੁਰਾਣੇ ਕੇਸ ਵਿੱਚ ਕੀਤੀ ਹੈ। ਉਸ ਕੇਸ ਵਿੱਚ ਅਮਨ ਨਾਮ ਦੇ ਵਿਅਕਤੀ ਨੂੰ ਉਰਫ ਬਣਾ ਕੇ ਅਜੇ ਸਿੰਗਲ ਦਾ ਨਾਮ ਜੋੜ ਦਿੱਤਾ ਹੈ, ਜਿਹੜਾ ਕਿਸੇ ਤਰੀਕੇ ਨਾਲ ਜਾਇਜ਼ ਨਹੀਂ ਹੈ। ਐਨ ਆਈ ਏ ਨੇ ਵੱਡੀ ਗਿਣਤੀ ਵਿੱਚ ਘਰਾਂ ਵਿੱਚ ਛਾਪੇਮਾਰੀ ਕਰਕੇ ਦਹਿਸ਼ਤ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਕਾਰਵਾਈ ਕੇਂਦਰੀ ਹਕੂਮਤ ਵੱਲੋਂ ਹਾਕਮਾਂ ਖਿਲਾਫ ਬੋਲਣ ਵਾਲੇ ਲੋਕਾਂ ਦੀ ਜ਼ੁਬਾਨਬੰਦੀ ਹੈ। ਕੇਂਦਰੀ ਏਜੰਸੀਆਂ ਖਾਸ ਕਰ ਲਖਨਊ ਵਿੱਚ ਸਥਿਤ ਦਫਤਰ ਵੱਲੋਂ ਪੰਜਾਬ ਵਿੱਚ ਕੀਤੀ ਗਈ ਛਾਪੇਮਾਰੀ ਫੈਡਰਲ ਢਾਂਚੇ 'ਤੇ ਹਮਲਾ ਹੈ। ਉਹਨਾਂ ਕਿਹਾ ਕਿ ਐਨਆਈਏ ਨੂੰ ਤੁਰੰਤ ਖਤਮ ਕੀਤਾ ਜਾਵੇ ਤਾਂ ਕਿ ਸੂਬੇ ਦੇ ਅਧਿਕਾਰਾਂ ਦੀ ਰੱਖਿਆ ਕੀਤੀ ਜਾ ਸਕੇ, ਗਿਰਫਤਾਰ ਵਿਅਕਤੀਆਂ ਨੂੰ ਤੁਰੰਤ ਰਿਹਾ ਕੀਤਾ ਜਾਵੇ ਤੇ ਪੁੱਛਗਿਛ ਲਈ ਬੁਲਾਏ ਗਏ

ਵਿਅਕਤੀਆਂ ਨੂੰ ਭੇਜੇ ਨੋਟਿਸਾਂ 'ਤੇ ਤੁਰੰਤ ਰੋਕ ਲਾਈ ਜਾਵੇ। ਸ਼ਹੀਦੀ ਸਮਾਗਮ ਦੌਰਾਨ ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਅਜਮੇਰ ਸਿੰਘ , ਕਾਮਰੇਡ ਕੁਲਵਿੰਦਰ ਸਿੰਘ ਵੜੈਚ ਅਤੇ ਸਾਥੀਆਂ ਵੱਲੋਂ 7 ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ। ਸ਼ਰਧਾਂਜਲੀ ਸਮਾਗਮ ਮੌਕੇ ਹੋਰਨਾਂ ਤੋਂ ਇਲਾਵਾ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਭੁੱਲਰ, ਜ਼ਿਲ੍ਹਾ ਸਕੱਤਰ ਤਰਸੇਮ ਸਿੰਘ ਬੰਨੋਮੱਲ, ਸੁਰਿੰਦਰ ਸਿੰਘ ਗ਼ਦਰੀ, ਕਾਮਰੇਡ ਲੁਭਾਇਆ ਸਿੰਘ ਕਾਲਾ ਸੰਘਿਆਂ, ਪੋਲੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਆਗੂ ਨਿਰਮਲ ਸਿੰਘ ਸ਼ੇਰਪੁਰ ਸੱਧਾ, ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਜਵਾਲਾਪੁਰ, ਯੂਥ ਵਿੰਗ ਦੇ ਸੂਬਾ ਆਗੂ ਗੁਰਪ੍ਰੀਤ ਚੀਦਾ, ਕਸ਼ਮੀਰਾ ਸਿੰਘ ਭੰਡਾਲ ਦੋਨਾ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਕੁਲਵਿੰਦਰ ਸਿੰਘ ਭੰਡਾਲ ਬੇਟ, ਗੁਰਦਿਆਲ ਸਿੰਘ ਬੂਹ, ਜਗਜੀਤ ਸਿੰਘ ਅੌਜਲਾ , ਪ੍ਰੋ: ਜਗਤਾਰ ਸਿੰਘ ਸੰਘਾ, ਜੀਤ ਸਿੰਘ ਰੰਧਾਵਾ, ਦਰਸ਼ਨ ਸਿੰਘ ਢੱਡਾ, ਪਰਮਜੀਤ ਸਿੰਘ ਰਾਮਪੁਰ ਜਾਗੀਰ ਆਦਿ ਆਗੂ ਹਾਜ਼ਰ ਸਨ। ਕਾਮਰੇਡ ਹੰਸਾਂ ਸਿੰਘ ਮੁੰਡੀ, ਅਤੇ ਪਿਆਰਾ ਸਿੰਘ ਭੰਡਾਲ ਦੋਨਾ, ਲੱਖੀ ਸੰਧੂ ਚਿੱਠੀਆ ਵੱਲੋਂ ਇਨਕਲਾਬੀ ਗੀਤ ਪੇਸ਼ ਕੀਤੇ ਗਏ ਅਤੇ ਅਜ਼ਾਦ ਭਗਤ ਸਿੰਘ ਵਿਰਾਸਤ ਮੰਚ ਵੱਲੋਂ ਨਾਟਕਾਂ ਦੀ ਸਫਲ ਪੇਸ਼ਕਾਰੀ ਕੀਤੀ ਗਈ।ਸਟੇਜ ਸਕੱਤਰ ਦੀ ਭੂਮਿਕਾ ਨਿਰਮਲ ਸਿੰਘ ਸ਼ੇਰਪੁਰ ਸੱਧਾ ਵਲੋਂ ਨਿਭਾਈ ਗਈ।

ਗੁਰੂ ਘਰ ਸ੍ਰੀ ਚਰਨਛੋਹ ਗੰਗਾ ਦੇ ਉਸਾਰੂ ਪ੍ਰਬੰਧਾਂ ਲਈ ਬੁੱਧੀਜੀਵੀ ਵਰਗ ਨੂੰ ਅੱਗੇ ਆਉਣਾ ਚਾਹੀਦਾ : ਐਡਵੋਕੇਟ ਕੁਲਦੀਪ ਚੰਦ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)- ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਸਾਬਕਾ ਕੌਮੀ ਕੈਸ਼ੀਅਰ ਦੀ ਵਾਇਰਲ ਹੋਈ ਚਿੱਠੀ ਤੋਂ ਬਾਅਦ ਦੇਸ਼ਾਂ ਪ੍ਰਦੇਸ਼ਾਂ ਦੀਆਂ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਅਤੇ ਕੌਮ ਦੇ ਬੁੱਧੀਜੀਵੀ ਵਰਗ ਨੂੰ ਭਾਰੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ ਇਸੇ ਕਰਕੇ ਸੋਸ਼ਲ ਮੀਡੀਏ ਅਤੇ ਅਖਬਾਰਾਂ ਵਿਚ ਵੱਡੀ ਪੱਧਰ 'ਤੇ ਖਬਰਾਂ ਪ੍ਰਕਾਸ਼ਿਤ ਹੋ ਰਹੀਆਂ ਹਨ। ਇਸੇ ਸੰਦਰਭ ਵਿਚ ਗੁਰੂ ਘਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਚਰਨ ਛੋਹ ਪ੍ਰਾਪਤ ਧਰਤੀ ਇਤਿਹਾਸਕ ਧਾਰਮਿਕ ਅਸਥਾਨ ਸ੍ਰੀ ਚਰਨ ਛੋਹ ਗੰਗਾ ਖੁਰਾਲਗੜ੍ਹ ਸਾਹਿਬ ਦੇ ਸ਼ਰਧਾਲੂ ਪਰਵਾਰ ਐਡਵੋਕੇਟ ਕੁਲਦੀਪ ਚੰਦ ਨੇ ਗੁਰੂਘਰ ਦੇ ਪ੍ਰਬੰਧਾਂ ਨੂੰ ਲੈ ਕੇ ਅਤੇ ਚਲ ਰਹੇ ਵਿਵਾਦਾਂ ਸਬੰਧੀ ਇਕ ਪੋਸਟ ਪਾ ਕੇ ਆਪਣੀ ਸ਼ਰਧਾ, ਪ੍ਰੇਮ ਭਾਵਨਾਵਾਂ ਅਤੇ ਉਸਾਰੂ ਪ੍ਰਬੰਧਾਂ ਲਈ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ ਹਨ।ਪੋਸਟ ਸਬੰਧੀ ਪੱਖ ਜਾਣਨ ਤੇ ਫੋਨ 'ਤੇ ਗੱਲ ਕਰਦਿਆਂ ਐਡਵੋਕੇਟ ਕੁਲਦੀਪ ਚੰਦ ਨੇ ਕਿਹਾ ਕਿ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ ਸਾਡੀ ਕੌਮ ਦਾ ਇਤਿਹਾਸਕ ਧਾਰਮਿਕ ਅਸਥਾਨ ਹੈ ਅਤੇ ਇਸ ਅਸਥਾਨ ਤੇ ਨਤਮਸਤਕ ਹੋਣ ਲਈ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤ ਆਉਂਦੀ ਹੈ। ਇਸ ਅਸਥਾਨ ਦੀ ਖੋਜ ਕਰਨ ਵਾਲੇ ਰਹਿਬਰਾਂ ਸਵਰਗੀ ਬੰਤਾ ਰਾਮ

ਘੇੜਾ ਅਤੇ ਇਸ ਸਥਾਨ ਲਈ ਜ਼ਮੀਨ ਖਰੀਦ ਕੇ ਦਾਨ ਕਰਨ ਵਾਲੇ ਲਾਲਾ ਮਹਿੰਦਰ ਰਾਮ ਚੁੰਬਰ ਨੇ ਇਸ ਸਥਾਨ ਦੀ ਮਹੱਤਤਾ ਨੂੰ ਵੇਖਦੇ ਹੋਏ ਇਸ ਅਸਥਾਨ ਨੂੰ ਸਮੂਹ ਕੌਮ ਦਾ ਸਾਂਝਾ ਇਤਿਹਾਸਕ ਧਾਰਮਿਕ ਸਥਾਨ ਘੋਸ਼ਿਤ ਕਰਕੇ ਵਿਕਸਤ ਕਰਨ ਲਈ ਮੁਹਿੰਮ ਚਲਾਈ ਸੀ। ਇਸ ਸਥਾਨ ਦੀ ਸਾਂਭ-ਸੰਭਾਲ ਲਈ ਆਲ ਇੰਡੀਆ ਆਦਿ ਧਰਮ ਮਿਸ਼ਨ ਦੀ ਅਗਵਾਈ ਵਿੱਚ ਪ੍ਰਬੰਧਕ ਕਮੇਟੀ ਕੰਮ ਕਰਦੀ ਹੈ। ਐਡਵੋਕੇਟ ਕੁਲਦੀਪ ਚੰਦ ਨੇ ਕਿਹਾ ਕਿ ਪਿਛਲੇ ਕੁੱਝ ਸਮੇਂ ਤੋਂ ਇਸ ਇਤਿਹਾਸਕ ਧਾਰਮਿਕ ਅਸਥਾਨ ਤੇ ਚੱਲ ਰਹੀਆਂ ਬੇਨਿਯਮੀਆਂ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਕੁਝ ਵਿਅਕਤੀਆਂ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਵਲੋਂ ਇਨ੍ਹਾਂ ਬੇਨਿਯਮੀਆਂ ਅਤੇ ਹੋ ਰਹੀਆਂ ਗੜਬੜੀਆਂ ਸਬੰਧੀ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਰਾਸ਼ਟਰੀ ਪ੍ਰਧਾਨ ਸਤਵਿੰਦਰ ਹੀਰਾ ਅਤੇ ਚੇਅਰਮੈਨ ਕਮਲੇਸ਼ ਕੌਰ ਘੇੜਾ ਅਤੇ ਹੋਰ ਦਰਜਾ ਬਾ-ਦਰਜਾ ਆਗੂਆਂ ਤੇ ਮੈਂਬਰਾਂ ਨੂੰ ਵੀ ਦੱਸਿਆ ਗਿਆ ਹੈ ਪਰੰਤੂ ਉਨ੍ਹਾਂ ਵਲੋਂ ਵੀ ਹੁਣ ਤੱਕ ਕੋਈ ਪੁਖਤਾ ਕਦਮ ਨਹੀਂ ਚੁੱਕੇ ਗਏ, ਜਿਸ ਤੋਂ ਪਤਾ ਚੱਲਦਾ ਹੈ ਕਿ ਇਸ ਅਸਥਾਨ 'ਤੇ ਹੋ ਰਹੀਆਂ ਬੇਨਿਯਮੀਆਂ ਅਤੇ ਗੜਬੜੀਆਂ ਲਈ ਕਈ ਅਹਿਮ ਵਿਅਕਤੀ ਜਿੰਮੇਵਾਰ ਹਨ ਜੋ ਤਾਨਾਸ਼ਾਹੀ ਰਵੱਈਏ ਰਾਹੀਂ ਉਸਾਰੂ ਸੋਚ ਵਾਲੇ ਲੋਕਾਂ ਨੂੰ ਕਮੇਟੀ ਤੋਂ ਬਾਹਰ ਕੱਢ ਕੇ ਆਪਣਾ ਸਾਮਰਾਜ ਕਾਇਮ ਕਰਨਾ ਚਾਹੁੰਦੇ ਹਨ।ਐਡਵੋਕੇਟ ਕੁਲਦੀਪ ਚੰਦ ਨੇ ਕੌਮ ਦੇ ਨਾਮ ਅਪੀਲ ਜਾਰੀ ਕਰਦਿਆਂ ਕਿਹਾ ਕਿ ਸਮਾਜ ਦੇ ਰਹਿਬਰਾਂ ਅਤੇ ਇਸ ਇਤਿਹਾਸਕ ਧਾਰਮਿਕ ਅਸਥਾਨ ਦੀ ਮਹੱਤਤਾ ਨੂੰ ਕਾਇਮ ਰੱਖਣ ਲਈ ਕੌਮ ਦੇ ਦਰਦਮੰਦਾਂ ਨੂੰ ਹੀ ਅੱਗੇ ਆਉਣਾ ਪਵੇਗਾ। ਆਮ ਅਜਲਾਸ ਬੁਲਾ ਕੇ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਆਗੂ ਅਤੇ ਗੁਰੂ ਘਰ ਦੀ ਮੌਜੂਦਾ ਪ੍ਰਬੰਧਕ ਕਮੇਟੀ ਤੋਂ ਹਿਸਾਬ-ਕਿਤਾਬ ਲਿਆ ਜਾਵੇ ਅਤੇ ਇਹ ਆਗੂ ਤੇ ਪ੍ਰਬੰਧਕ ਕੌਮ ਨੂੰ ਸਪੱਸ਼ਟੀਕਰਨ ਦੇਣ। ਨਿਯਮਾਂ ਅਤੇ ਸੰਵਿਧਾਨ ਅਨੁਸਾਰ ਆਲ ਇੰਡੀਆ ਆਦਿ ਧਰਮ ਮਿਸ਼ਨ ਅਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੀ ਇੱਕ ਨਿਸਚਿਤ ਸਮੇਂ ਲਈ ਹੀ ਚੋਣ ਕੀਤੀ ਜਾਵੇ ਤਾਂ ਕਿ ਇੱਥੇ ਚੱਲ ਰਹੀਆਂ ਬੇਨਿਯਮੀਆਂ ਅਤੇ ਗੜਬੜੀਆਂ ਲਈ ਜਿੰਮੇਵਾਰ ਆਗੂਆਂ ਖਿਲਾਫ ਬਣਦੀ ਕਨੂੰਨੀ ਕਾਰਵਾਈ ਕੀਤੀ ਜਾ ਸਕੇ।

ਹੈਰੋਇਨ ਤੇ ਨਕਦੀ ਸਮੇਤ ਇੱਕ ਕਾਬੂ

ਜਲੰਧਰ. (ਸ਼ੈਲੀ ਐਲਬਰਟ) ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਸ ਨੇ ਇੱਕ ਵੱਡੀ ਸਫਲਤਾ ਹਾਸਲ ਕਰਦੇ ਹੋਏ ਇੱਕ ਵਿਅਕਤੀ ਨੂੰ ਇੱਕ ਕਿਲੋ ਹੈਰੋਇਨ ਅਤੇ 4 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫਤਾਰ ਕਰਕੇ ਇੱਕ ਅੰਤਰਰਾਸ਼ਟਰੀ ਨਸ਼ਾ ਤਸਕਰੀ ਦਾ ਪਰਦਾਫਾਸ਼ ਕੀਤਾ ਹੈ। ਇਸ ਸੰਬੰਧੀ ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਇੱਕ ਇਤਲਾਹ 'ਤੇ ਜਲੰਧਰ ਦੇ ਬੱਸ ਸਟੈਂਡ ਨੇੜੇ ਗ੍ਰੀਨ ਪਾਰਕ ਕਲੋਨੀ ਕੋਲ ਜਾਲ ਵਿਛਾਇਆ ਸੀ। ਉਨ੍ਹਾਂ ਦੱਸਿਆ ਕਿ ਪੁਲਸ ਪਾਰਟੀ ਨੇ ਕੂਲ ਰੋਡ ਵਾਲੇ ਪਾਸੇ ਤੋਂ ਇੱਕ ਵਿਅਕਤੀ ਨੂੰ ਬੈਗ ਲੈ ਕੇ ਆਉਂਦਾ ਦੇਖਿਆ। ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਸ ਪਾਰਟੀ ਦੀ ਮੌਜੂਦਗੀ ਤੋਂ ਘਬਰਾ ਕੇ ਉਕਤ ਵਿਅਕਤੀ ਨੇ ਕਾਹਲੀ ਨਾਲ ਪਿੱਛੇ ਮੁੜਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੱਸਿਆ ਕਿ ਉਸ ਦੀਆਂ ਗਤੀਵਿਧੀਆਂ 'ਤੇ ਸ਼ੱਕ ਕਰਦਿਆਂ ਪੁਲਸ ਪਾਰਟੀ ਨੇ ਉਸ ਨੂੰ ਚੈਕਿੰਗ ਲਈ ਰੋਕਿਆ, ਜਿਸ ਦੌਰਾਨ ਉਸ ਕੋਲੋਂ ਇੱਕ ਕਿਲੋ ਹੈਰੋਇਨ ਅਤੇ 4 ਲੱਖ ਰੁਪਏ ਬਰਾਮਦ ਹੋਏ। ਉਨ੍ਹਾਂ ਦੱਸਿਆ ਕਿ ਪੁਲਸ ਪਾਰਟੀ ਨੇ ਤੁਰੰਤ ਕਾਰਵਾਈ ਕਰਦਿਆਂ ਮੁਲਜ਼ਮ ਦੀ ਪਛਾਣ ਸ਼ਿੰਦਾ ਸਿੰਘ ਉਰਫ਼ ਕਾਲਾ ਪੁੱਤਰ ਬੁਹੜ ਸਿੰਘ ਵਾਸੀ ਪਿੰਡ ਚੱਕ ਭੰਗੇਵਾਲਾ ਥਾਣਾ ਮਮਦੋਟ ਜ਼ਿਲ੍ਹਾ ਫ਼ਿਰੋਜ਼ਪੁਰ ਵਜੋਂ ਕੀਤੀ। ਸਵਪਨ ਸ਼ਰਮਾ ਨੇ ਦੱਸਿਆ ਕਿ ਐੱਫ ਆਈ ਆਰ ਦਰਜ ਕੀਤੀ ਗਈ ਸੀ।

ਪੁਲਸ ਕਮਿਸ਼ਨਰ ਵੱਲੋਂ ਮੁਲਜ਼ਮ ਦੇ ਸਾਥੀਆਂ ਬਾਰੇ ਪੜਤਾਲ ਕੀਤੀ ਜਾ ਰਹੀ ਹੈ, ਜਿਨ੍ਹਾਂ ਵਿਅਕਤੀਆਂ ਨੂੰ ਉਸ ਨੇ ਹੈਰੋਇਨ ਦੀ ਇੰਨੀ ਵੱਡੀ ਖੇਪ ਸਪਲਾਈ ਕਰਨੀ ਸੀ, ਸਮੇਤ ਉਨ੍ਹਾਂ ਵਿਅਕਤੀਆਂ ਦੀ ਪਛਾਣ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਗੱਲ ਦੀ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਮੁਲਜ਼ਮ ਪਾਕਿਸਤਾਨ ਤੋਂ ਡਰੋਨ ਰਾਹੀਂ ਹੈਰੋਇਨ ਕਿਵੇਂ ਮੰਗਵਾਉਂਦੇ ਸਨ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਮੁਲਜ਼ਮਾਂ ਖ਼ਿਲਾਫ਼ ਐਨ ਡੀ ਪੀ ਐਸ ਐਕਟ ਦੀਆਂ ਧਾਰਾਵਾਂ ਤਹਿਤ ਪਹਿਲਾਂ ਹੀ ਇੱਕ ਐਫ ਆਈ ਆਰ ਲੰਬਿਤ ਹੈ।

ਡਿਪਟੀ ਕਮਿਸ਼ਨਰ ਵੱਲੋਂ ਜਲੰਧਰ ਸਮਾਰਟ ਸਿਟੀ ਪ੍ਰਾਜੈਕਟਾਂ ਦੀ ਸਮੀਖਿਆ

ਜਲੰਧਰ (ਸ਼ੈਲੀ ਐਲਬਰਟ)- ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਅੱਜ ਸਮਾਰਟ ਸਿਟੀ ਮਿਸ਼ਨ ਤਹਿਤ ਗਠਿਤ ਬੋਰਡ ਆਫ਼ ਡਾਇਰੈਕਟਰਜ਼ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ ਗਈ।ਜਲੰਧਰ ਨਗਰ ਨਿਗਮ ਦੇ ਕਮਿਸ਼ਨਰ ਗੌਤਮ ਜੈਨ ਸਮੇਤ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਮਾਰਟ ਸਿਟੀ ਅਧੀਨ ਚੱਲ ਰਹੇ ਪ੍ਰਾਜੈਕਟਾਂ ਨੂੰ ਨਿਰਧਾਰਤ ਸਮੇਂ ਅੰਦਰ ਨੇਪਰੇ ਚਾੜ੍ਹਨ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਦੀ ਰਫ਼ਤਾਰ ਵਿੱਚ ਤੇਜ਼ੀ ਲਿਆਂਦੀ ਜਾਵੇ। ਮੀਟਿੰਗ ਦੌਰਾਨ ਹੋਰਨਾਂ ਤੋਂ ਇਲਾਵਾ ਕਾਲਾ ਸੰਘਿਆਂ ਡਰੇਨ ਦੀ ਮੁੜ ਸੁਰਜੀਤੀ ਤੇ ਸੁੰਦਰੀਕਰਨ, ਬਾਇਓ ਰੈਮੇਡੀਏਸ਼ਨ, ਸਰਵੇਸ਼ ਵਾਟਰ ਪ੍ਰਾਜੈਕਟ, ਸਾਈਨੇਜ ਬੋਰਡਾਂ ਦੀ ਸਥਾਪਨਾ, ਸਪੋਰਟਸ ਹੱਬ ਪ੍ਰਾਜੈਕਟ, ਸਮਾਰਟ ਪੁਲਿਸਿੰਗ ਪ੍ਰਾਜੈਕਟ, ਸ਼ਹਿਰ ਦੇ ਦਾਖ਼ਲਾ ਪੁਆਇੰਟਾਂ ਦਾ ਸੁੰਦਰੀਕਰਨ ਅਤੇ

13-SEP-PAGE-9.qxd 9/12/2024 11:13 PM Page 1

ਸੈਂਟਰ ਪੱਧਰੀ 67ਵੀਂਆਂ ਪੰਜਾਬ ਰਾਜ ਪ੍ਰਾਇਮਰੀ ਸਕੂਲ ਖੇਡਾਂ ਜਨੌੜੀ ਵਿਖੇ ਧੂਮਧਾਮ ਨਾਲ ਸ਼ੁਰੂ

ਅੱਡਾ ਸਰਾਂ (ਜਸਵੀਰ ਕਾਜਲ)- 67ਵੀਂਆਂ ਤਿੰਨ ਦਿਨਾ ਪੰਜਾਬ ਰਾਜ ਪ੍ਰਾਇਮਰੀ ਸਕੂਲ ਖੇਡਾਂ ਸੈਂਟਰ ਸਕੂਲ ਜਨੌੜੀ ਵਿਖੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਜੀ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਅਤੇ ਬਲਾਕ ਖੇਡ ਅਧਿਕਾਰੀ ਸ਼੍ਰੀਮਤੀ ਕੁਲਜੀਤ ਕੌਰ ਦੀ ਅਗਵਾਈ ਹੇਠ ਧੂਮਧਾਮ ਨਾਲ ਸ਼ੁਰੂ ਹੋਈਆਂ, ਜਿਸ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਰਾਮਨਗਰ, ਜਨੌੜੀ ਮੁੰਡੇ, ਜਨੌੜੀ ਕੁੜੀਆਂ, ਰਾਮ ਟਟਵਾਲੀ, ਟਾਹਲੀਵਾਲ ਅਤੇ ਰਾਮ ਟਟਵਾਲੀ ਬ੍ਰਾਂਚ ਦੇ ਸਮੂਹ ਵਿਦਿਆਰਥੀਆਂ ਨੇ ਅਧਿਆਪਕਾਂ ਦੇ ਸਹਿਯੋਗ ਨਾਲ ਪੂਰੇ ਜੋਸ਼-ਖਰੋਸ਼ ਨਾਲ ਹਿੱਸਾ ਲਿਆ।ਪਹਿਲੇ ਦਿਨ ਦੇ ਅਥਲੈਟਿਕ ਮੁਕਾਬਲਿਆਂ ਵਿੱਚ ਰਾਮਨਗਰ ਸਕੂਲ ਦੇ ਵਿਦਿਆਰਥੀਆਂ ਨੇ ਜਿੱਤ ਹਾਸਲ ਕਰਕੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।

ਇਸ ਮੌਕੇ ਸੈਂਟਰ ਹੈੱਡ ਟੀਚਰ ਸੰਗੀਤਾ ਰਾਣੀ, ਹੈੱਡ ਟੀਚਰ ਅਸ਼ੋਕ ਕੁਮਾਰ, ਹੈੱਡ ਟੀਚਰ ਵਿਜੈ ਪਟਿਆਲ, ਹੈੱਡ ਟੀਚਰ ਜਸਪ੍ਰੀਤ ਕੌਰ, ਹੈੱਡ ਟੀਚਰ ਰਜਨੀ ਚਿੱਬ, ਅਨੀਤਾ ਦੇਵੀ, ਸੁਨੀਲ ਕੁਮਾਰ, ਸੰਜੀਵ ਕੁਮਾਰ, ਤਿਰਲੋਚਨ ਸਿੰਘ, ਮਨੀਸ਼ਾ ਰਾਜਪੂਤ ਆਦਿ ਹਾਜਰ ਸਨ।

ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ ਦੇ ਵਿਦਿਆਰਥੀਆਂ ਦਾ ਬੀ ਐੱਡ ਦੇ ਨਤੀਜੇ 'ਚ ਸ਼ਾਨਦਾਰ ਪ੍ਰਦਰਸ਼ਨ

ਫਗਵਾੜਾ (ਡਾ. ਰਮਨ)- ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ ਫਗਵਾੜਾ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਐਲਾਨੇ ਬੀ ਐੱਡ ਸਮੈਸਟਰ ਦੂਜੇ ਦੇ ਨਤੀਜੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਕਾਲਜ ਦੀ ਵਿਦਿਆਰਥਣ ਜਾਹਨਵੀ ਨੇ 8.00 ਐੱਸ.ਜੀ.ਪੀ.ਏ. ਪ੍ਰਾਪਤ ਕਰਕੇ ਕਾਲਜ 'ਚੋਂ ਪਹਿਲਾ ਸਥਾਨ ਹਾਸਲ ਕੀਤਾ । ਹਰਪ੍ਰੀਤ ਕੌਰ ਅਤੇ ਅਨੂ ਕੁਮਾਰੀ ਨੇ 7.90 ਐੱਸ.ਜੀ.ਪੀ.ਏ. ਨਾਲ ਕਾਲਜ 'ਚ ਦੂਜਾ ਸਥਾਨ ਹਾਸਿਲ ਕੀਤਾ। ਊਸ਼ਾ ਰਾਣੀ, ਨਿਧੀ ਅਤੇ ਸਵੀਤਾ ਮਹਾਜਨ ਨੇ 7.80 ਐੱਸ.ਜੀ.ਪੀ.ਏ. ਪ੍ਰਾਪਤ ਕਰਕੇ ਕਾਲਜ ਵਿੱਚ ਤੀਜਾ ਸਥਾਨ ਸਾਂਝਾ ਕੀਤਾ। ਕਾਲਜ ਦੀ ਸਮੁੱਚੀ ਕਾਰਗੁਜ਼ਾਰੀ ਸ਼ਲਾਘਾਯੋਗ ਰਹੀ, ਜੋ ਕਿ ਵਿਦਿਆਰਥੀਆਂ ਅਤੇ ਫੈਕਲਟੀ ਦੇ ਨਿਰੰਤਰ ਯਤਨਾਂ ਅਤੇ ਵਚਨਬੱਧਤਾ ਨੂੰ ਦਰਸਾਉਂਦੀ ਹੈ। ਵਿਦਿਆਰਥੀਆਂ ਨੇ ਇਸ ਕਾਮਯਾਬੀ ਦਾ ਸਿਹਰਾ ਕਾਲਜ ਦੇ ਅਧਿਆਪਕਾਂ ਤੇ ਆਪਣੇ ਮਾਤਾ ਪਿਤਾ ਦੇ ਸਿਰ ਬੰਨ੍ਹਿਆ।

ਸ਼੍ਰੀਮਤੀ ਮਨਪ੍ਰੀਤ ਕੌਰ ਭੋਗਲ ਚੇਅਰਪਰਸਨ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਨੇ ਪ੍ਰਿੰਸੀਪਲ ਡਾ. ਸੁਰਿੰਦਰਜੀਤ ਕੌਰ ਸਮਰਪਿਤ ਅਧਿਆਪਕਾਂ, ਵਿਦਿਆਰਥੀਆਂ ਅਤੇ ਉਹਨਾਂ ਦੇ ਮਾਤਾ ਪਿਤਾ ਨੂੰ ਇਸ ਸ਼ਲਾਘਾਯੋਗ ਪ੍ਰਾਪਤੀ 'ਤੇ ਵਧਾਈ ਦਿੱਤੀ। ਉਹਨਾਂ ਕਿਹਾ ਕਿ ਕਾਲਜ ਆਪਣੇ ਸਥਾਪਤੀ ਦੇ ਸਮੇਂ 1956 ਤੋਂ ਹੀ ਵਧੀਆ ਪ੍ਰਦਰਸ਼ਨ ਕਰਦਾ ਆ ਰਿਹਾ ਹੈ। ਇਹ ਸਭ ਦੀ ਸਖਤ ਮਿਹਨਤ ਦਾ ਹੀ ਨਤੀਜਾ ਹੈ ਕਿ ਕਾਲਜ ਸਿੱਖਿਆ ਦੇ ਖੇਤਰ ਵਿੱਚ ਇਕ ਮੀਲ ਪੱਥਰ ਸਥਾਪਤ ਹੋਇਆ ਹੈ।

ਪ੍ਰਿੰਸੀਪਲ ਡਾ. ਸੁਰਿੰਦਰਜੀਤ ਕੌਰ ਨੇ ਕਿਹਾ ਕਿ ਇਸ ਕਾਲਜ ਦੇ ਵਿਦਿਆਰਥੀ ਸਿਰਫ ਸਹਿ-ਅਕਾਦਮਿਕ ਕਿਰਿਆਵਾਂ ਵਿੱਚੋਂ ਹੀ ਨਹੀ ਸਗੋਂ ਅਕਾਦਮਿਕ ਪੱਖੋਂ ਵੀ ਮੋਹਰੀ ਹਨ। ਕਾਲਜ ਦਾ ਇਹ ਸ਼ਾਨਦਾਰ ਨਤੀਜਾ ਦਰਸਾਉਂਦਾ ਹੈ ਕਿ ਕਾਲਜ ਪ੍ਰਭਾਵਸ਼ਾਲੀ ਢੰਗ ਨਾਲ ਆਪਣੇ ਵਿਦਿਆਰਥੀਆਂ ਦੀ ਸਖਸ਼ੀਅਤ ਦੇ ਉੱਤਮ ਵਿਕਾਸ ਦੇ ਲਈਂ ਵਚਨਬੱਧ ਹੈ।

ਪੇਂਡੂ ਖੇਤਰਾਂ ਦੇ ਵਿਕਾਸ ਲਈ ਪੰਜਾਬ ਸਰਕਾਰ ਵਚਨਬੱਧ : ਕਰਮਜੀਤ ਕੌਰ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਚੇਅਰਪਰਸਨ ਜ਼ਿਲ੍ਹਾ ਯੋਜਨਾ ਕਮੇਟੀ ਹੁਸ਼ਿਆਰਪਰ ਕਰਮਜੀਤ ਕੌਰ ਨੇ ਬਲਾਕ ਭੂੰਗਾ ਦਾ ਦੌਰਾ ਕੀਤਾ ਅਤੇ ਉਥੇ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਦਾ ਨਿਰੀਖਣ ਕੀਤਾ। ਇਸ ਦੌਰੇ ਦੌਰਾਨ ਉਨ੍ਹਾਂ ਨੇ ਬੀ.ਡੀ.ਪੀ.ਓ (ਬਲਾਕ ਡਿਵੈਲਪਮੈਂਟ ਐਂਡ ਪੰਚਾਇਤ ਅਫ਼ਸਰ) ਦਫ਼ਤਰ ਵਿਚ ਸਾਲ 2021-22, 2022-23 ਅਤੇ 2023-24 ਦੇ ਤਹਿਤ ਹੋਏ ਪੰਜਾਬ ਨਿਰਮਾਣ ਪ੍ਰੋਗਰਾਮ ਸਕੀਮ, ਜ਼ਿਲ੍ਹਾ ਯੋਜਨਾ ਕਮੇਟੀ ਦੇ ਅਨਟਾਇਡ ਫੰਡਸ ਅਤੇ ਕੰਡੀ ਏਰੀਆ ਪ੍ਰੋਗਰਾਮ ਦੇ ਵਿਕਾਸ ਕਾਰਜਾਂ ਦੀ ਸਮੀਖਿਆ ਕੀਤੀ।

ਚੇਅਰਪਰਸਨ ਜ਼ਿਲ੍ਹਾ ਯੋਜਨਾ ਕਮੇਟੀ ਨੇ ਬਲਾਕ ਵਿਚ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਬੀ.ਡੀ.ਪੀ.ਓ ਭੂੰਗਾ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਜੋ ਵੀ ਕਾਰਜ ਪ੍ਰਗਤੀ ਅਧੀਨ ਹਨ, ਉਨ੍ਹਾਂ ਨੂੰ ਸਮੇਂ ਸਿਰ ਪੂਰਾ ਕੀਤਾ ਜਾਵੇ। ਉਨ੍ਹਾ ਅਧਿਕਾਰੀਆਂ ਨੂੰ ਚੇਤਾਵਨੀ ਦਿੱਤੀ ਕਿ ਕਿਸੇ ਵੀ ਪ੍ਰਕਾਰ ਦੀ ਦੇਰੀ ਸਹਿਣ ਨਹੀਂ ਕੀਤੀ ਜਾਵੇਗੀ ਅਤੇ ਸਾਰੇ ਕਾਰਜਾਂ ਨੂੰ ਮਿੱਥੇ ਸਮੇਂ ਵਿਚ ਪੂਰਾ ਕਰਨਾ ਜ਼ਰੂਰੀ ਹੈ। ਉਨ੍ਹਾ ਇਹ ਵੀ ਨਿਰਦੇਸ਼ ਦਿੱਤੇ ਕਿ ਜਿਨ੍ਹਾਂ ਵਿਕਾਸ ਕਾਰਜਾਂ ਨੂੰ ਪਹਿਲਾ ਹੀ ਪੂਰਾ ਕੀਤਾ ਜਾ ਚੁੱਕਾ ਹੈ, ਉਨ੍ਹਾਂ ਦੇ ਉਪਯੋਗਿਤਾ ਸਰਟੀਫਿਕੇਟ ਸਬੰਧਤ ਵਿਭਾਗ ਨੂੰ ਜਲਦ ਤੋਂ ਜਲਦ ਭੇਜੇ ਜਾਣ।

ਇਸ ਨਾਲ ਇਹ ਯਕੀਨੀ ਕੀਤਾ ਜਾਵੇਗਾ ਕਿ ਸਰਕਾਰ ਤੋਂ ਭਵਿੱਖ ਵਿਚ ਪਿੰਡਾਂ ਦੇ ਵਿਕਾਸ ਲਈ ਹੋਰ ਵਧੇਰੇ ਗ੍ਰਾਂਟ ਪ੍ਰਾਪਤ ਹੋ ਸਕੇ।

ਕਰਮਜੀਤ ਕੌਰ ਨੇ ਕਿਹਾ ਕਿ ਸਰਕਾਰ ਪੇਂਡੂ ਖੇਤਰਾਂ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਇਹ ਜ਼ਰੂਰੀ ਹੈ ਕਿ ਸਾਰੀਆਂ ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਲਾਗੂ ਕੀਤਾ ਜਾਵੇ, ਤਾਂ ਜੋ ਪੇਂਡੂ ਨਿਵਾਸੀਆਂ ਨੂੰ ਬਿਹਤਰ ਬੁਨਿਆਦੀ ਸੁਵਿਧਾਵਾਂ ਮਿਲ ਸਕਣ। ਉਨ੍ਹਾਂ ਦੱਸਿਆ ਕਿ ਪੰਜਾਬ ਨਿਰਮਾਣ ਪ੍ਰੋਗਰਾਮ ਸਕੀਮ, ਜ਼ਿਲ੍ਹਾ ਯੋਜਨਾ ਕਮੇਟੀ ਦੇ ਅਨਟਾਇਡ ਫੰਡਜ਼ ਅਤੇ ਕੰਡੀ ਏਰੀਆ ਪ੍ਰੋਗਰਾਮ ਜਿਵੇਂ ਪ੍ਰੋਜੈਕਟਸ ਦੇ ਜਰੀਏ ਸਰਕਾਰ ਦਾ ਉਦੇਸ਼ ਪਿੰਡਾਂ ਵਿਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਹੈ, ਜਿਸ ਨਾਲ ਪੇਂਡੂ ਖੇਤਰਾਂ ਵਿਚ ਵੀ ਵਿਕਾਸ ਦੀ ਰਫ਼ਤਾਰ ਤੇਜ਼ ਹੋ ਸਕੇ।

ਕਰਮਜੀਤ ਕੌਰ ਨੇ ਪਿੰਡ ਵਾਸੀਆਂ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਸੁਝਾਵਾਂ ਨੂੰ ਸੁਣਿਆ। ਉਨ੍ਹਾਂ ਕਿਹਾ ਕਿ ਸਰਕਾਰ ਪੇਂਡੂ ਵਿਕਾਸ ਨੂੰ ਪਹਿਲ ਦਿੰਦੀ ਹੈ ਅਤੇ ਜਨਤਕ ਨੁਮਾਇੰਦਿਆਂ ਦਾ ਇਹ ਫਰਜ਼ ਹੈ ਕਿ ਉਹ ਯੋਜਨਾਵਾਂ ਦਾ ਸਹੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ।

ਲਾਇਨਜ਼ ਕਲੱਬ ਨੇ ਵੱਖ-ਵੱਖ ਥਾਵਾਂ 'ਤੇ ਬੂਟੇ ਲਗਾਏ

ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ-ਸਮਾਜ ਸੇਵਾ ਲਈ ਪ੍ਰਸਿੱਧ ਲਾਇਨਜ਼ ਕਲੱਬ ਸ੍ਰੀ ਆਨੰਦਪੁਰ ਸਾਹਿਬ ਵੱਲੋਂ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੱਖ-ਵੱਖ ਥਾਵਾਂ 'ਤੇ ਪੌਦੇ ਲਗਾਏ ਗਏ। ਕਲੱਬ ਦੇ ਪੀ ਆਰ ਓ ਇੰਦਰਜੀਤ ਸਿੰਘ ਅਰੋੜਾ ਨੇ ਦੱਸਿਆ ਕਿ ਲਾਈਨਜ਼ ਕਲੱਬ ਸ਼੍ਰੀ ਆਨੰਦਪੁਰ ਸਾਹਿਬ ਵੱਲੋਂ ਸੀਨੀਅਰ ਲਾਈਨ ਮੈਂਬਰ ਕੁਲਦੀਪ ਸਿੰਘ ਦੇ ਭੱਠੇ ਤੇ ਅਤੇ ਪਿੰਡ ਬਨੀ ਵਿੱਚ ਬੂਟੇ ਲਗਾ ਕੇ ਧਰਤੀ ਨੂੰ ਹਰਿਆ ਭਰਿਆ ਰੱਖਣ ਦਾ ਪ੍ਰਣ ਕੀਤਾ ਗਿਆ। ਇੰਦਰਜੀਤ ਸਿੰਘ ਅਰੋੜਾ ਨੇ ਦੱਸਿਆ ਕਿ ਕਲੱਬ ਦੇ ਪ੍ਰਧਾਨ ਲਾਇਨ ਰਾਜਵਿੰਦਰ ਸਿੰਘ ਸੋਢੀ ਦੀ ਪ੍ਰਧਾਨਗੀ ਹੇਠ ਵਿਸ਼ੇਸ਼ ਮੀਟਿੰਗ ਹੋਈ ਹੋਈ, ਜਿਸ 'ਚ ਵੱਡੀ ਗਿਣਤੀ ਅਹੁਦੇਦਾਰ ਅਤੇ ਮੈਂਬਰ ਸਹਿਬਾਨ ਹਾਜ਼ਰ ਹੋਏ ਸਨ। ਮੀਟਿੰਗ ਦੀ ਕਾਰਵਾਈ ਨੂੰ ਅਮਲ ਵਿੱਚ ਲਿਆਉਂਦੀਆਂ ਛਾਂਦਾਰ ਅਤੇ ਫਲਾਂ ਵਾਲੇ ਬੂਟੇ ਲਗਾਏ ਗਏ।ਇਸ ਮੌਕੇ ਸਕੱਤਰ ਲਾਇਨ ਸੰਜੇ ਮਹਾਜਨ ਕਲੱਬ ਦੇ ਕੈਸ਼ੀਅਰ ਲਾਇਨ ਸੁਖਵਿੰਦਰ ਸਿੰਘ ਬਿੱਟੂ ਵੱਲੋਂ ਹਾਜ਼ਰੀਨ ਲਾਇਨਜ਼ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਉਪਰੋਕਤ ਤੋਂ ਇਲਾਵਾ ਲਾਈਨ ਕੁਲਦੀਪ ਸਿੰਘ ਭੱਠੇ ਵਾਲੇ, ਲਾਇਨ ਭੁਪਿੰਦਰ ਪਾਲ ਸਿੰਘ ਤਲਵਾੜ, ਲਾਇਨ ਮਹੇਸ਼ ਕੁਮਾਰ, ਲਾਇਨ ਅਮਰਿੰਦਰ ਸਿੰਘ ਚੀਮਾ,ਲਾਇਨ ਰਾਜਨ ਗਾਬਾ ਆਦਿਕ ਤੋਂ ਇਲਾਵਾ ਵੱਡੀ ਗਿਣਤੀ ਚ ਲਾਈਨਜ਼ ਕਲੱਬ ਦੇ ਅਹੁਦੇਦਾਰ ਅਤੇ ਮੈਂਬਰ ਸਹਿਬਾਨ ਹਾਜਰ ਸਨ।

ਚੱਕਦੇਸ ਰਾਜ ਦੀ ਟੀਮ ਨੂੰ ਕਬੱਡੀ 'ਚ ਪਹਿਲਾ ਸਥਾਨ ਹਾਸਲ

ਗੁਰਾਇਆ (ਬਿੰਦਰ ਸੁੰਮਨ)-ਨਜ਼ਦੀਕੀ ਸਰਕਾਰੀ ਸੀਨੀ ਸੈਕੰਡਰੀ ਸਕੂਲ ਚੱਕਦੇਸ ਰਾਜ ਦੇ ਕਬੱਡੀ ਦੇ ਖਿਡਾਰੀਆਂ ਨੇ ਜ਼ਿਲ੍ਹੇ 'ਚੋਂ ਪਹਿਲਾ ਸਥਾਨ ਹਾਸਲ ਕਰਕੇ ਇਲਾਕੇ ਅਤੇ ਗੁਰਾਇਆ ਜ਼ੋਨ ਨੰਬਰ 9 ਦਾ ਨਾਂ ਰੋਸ਼ਨ ਕੀਤਾ ਹੈ। ਇਸ ਦੀ ਜਾਣਕਾਰੀ ਦਿੰਦੇ ਲੈਕਚਰਾਰ ਅਤੇ ਜ਼ੋਨਲ ਕਮੇਟੀ ਦੇ ਜਨਰਲ ਸਕੱਰ ਬਲਦੇਵ ਸਿੰਘ ਜੌਹਲ ਨੇ ਕਿਹਾ ਕਿ ਸਰਕਲ ਸਟਾਇਲ ਸਕੂਲ ਖੇਡਾਂ 'ਚ 17 ਸਾਲ ਵਰਗ ਲੜਕੇ 'ਚ ਸਕੂਲ ਦੀ ਟੀਮ ਜ਼ਿਲੇ 'ਚੋਂ ਅੱਵਲ ਰਹੀ। ਸਕੂਲ ਪੁੱਜਣ 'ਤੇ ਟੀਮ ਨੂੰ ਵਧਾਈ ਦਿੰਦੇ ਹੋਏ ਪ੍ਰਿੰਸੀਪਲ ਕਮਲਜੀਤ ਨੇ ਕਿਹਾ ਕਿ ਸਕੂਲ ਦੇ ਸਰੀਰਕ ਸਿੱਖਿਆ ਲੈਕਚਰਾਰ ਬਲਦੇਵ ਸਿੰਘ ਦੀ ਅਗਵਾਈ ਅਤੇ ਬੱਚਿਆਂ ਦੀ ਲਗਨ ਨਾਲ ਟੀਮ ਨੇ ਇਹ ਸਥਾਨ ਹਾਸਲ ਕੀਤਾ ਹੈ। ਇਸ ਮੌਕੇ ਮੱਖਣ ਰੱਤੂ, ਜਗਜੀਤ ਕੌਰ, ਸੁਰਿੰਦਰਪਾਲ, ਰਵਿੰਦਰ ਕੁਮਾਰ, ਨਾਨਕ ਸਿੰਘ, ਗੁਰਪ੍ਰੀਤ ਕੌਰ, ਮੈਡਮ ਰਾਣੋ, ਕਰਮਜੀਤ ਕੌਰ ਅਤੇ ਸਮੁੱਚਾ ਸਟਾਫ ਹਾਜ਼ਰ ਸਨ।

ਖਰਾਬ ਬਿਜਲੀ ਸਪਲਾਈ ਹੋਈ ਬਹਾਲ, ਬਿਜਲੀ ਸਪਲਾਈ ਨਿਰੰਤਰ ਕੀਤੀ ਬਹਾਲ : ਵਧੀਕ ਸਹਾਇਕ ਇੰਜੀਰੀਅਰ

ਭਲਾਣ (ਹਰਭਜਨ ਢਿੱਲੋਂ) ਇਲਾਕੇ ਵਿੱਚ ਖਰਾਬ ਮੌਸਮ ਤੇ ਅਸਮਾਨੀ ਬਿਜਲੀ ਕਾਰਨ ਬਿਜਲੀ ਦੀ ਬੰਦ ਹੋਈ ਸਪਲਾਈ ਲੱਗਭੱਗ ਰਾਤ 3.30 ਵਜੇ ਬਹਾਲ ਕਰ ਦਿੱਤੀ ਹੈ। ਪੂਰੀ ਰਾਤ ਬਿਜਲੀ ਕਰਮਚਾਰੀ ਨੁਕਸ ਦੂਰ ਕਰਨ ਵਿੱਚ ਲੱਗੇ ਰਹੇ ਅਤੇ ਤੜਕਸਾਰ ਇਹ ਬਿਜਲੀ ਸਪਲਾਈ ਚਾਲੂ ਕੀਤੀ ਗਈ ਹੈ। ਇਹ ਜਾਣਕਾਰੀ ਸੁਰਿੰਦਰ ਸਿੰਘ ਵਧੀਕ ਸਹਾਇਕ ਇੰਜੀਨਿਅਰ ਪੀ.ਐਸ.ਪੀ.ਸੀ.ਐਲ ਨੇ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਕੋਲ ਨੂਰਪੁਰ ਬੇਦੀ ਦਾ ਚਾਰਜ ਅਤੇ ਭਲਾਣ ਦਾ ਵਾਧੂ ਚਾਰਜ ਦਿੱਤਾ ਹੋਇਆ ਹੈ। ਬੀਤੇ ਦਿਨ ਮੌਸਮ ਖਰਾਬ ਹੋਣ ਤੇ ਅਸਮਾਨੀ ਬਿਜਲੀ ਕਾਰਨ ਬਿਜਲੀ ਸਪਲਾਈ ਪ੍ਰਭਾਵਿਤ ਹੋ ਗਈ ਸੀ, ਇਲਾਕੇ ਦੇ ਵਿੱਚ ਇਸ ਕਾਰਨ ਲੋਕਾਂ ਵੱਲੋਂ ਇਹ ਸਪਲਾਈ ਦੂਰ ਕਰਨ ਲਈ ਸ਼ਿਕਾਇਤ ਕੀਤੀ ਗਈ, ਮੁਲਾਜ਼ਮਾ ਨੇ ਸਾਰਾ ਦਿਨ ਤੇ ਪੂਰੀ ਰਾਤ ਅਣਥੱਕ ਮਿਹਨਤ ਨਾਲ ਤੜਕੇ ਸਵੇਰੇ 3.30 ਵਜੇ ਇਹ ਸਪਲਾਈ ਬਹਾਲ ਕਰ ਦਿੱਤੀ ਹੈ। ਉਨ੍ਹਾ ਨੇ ਕਿਹਾ ਕਿ ਪਾਵਰਕਾਮ ਵੱਲੋਂ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾ ਰਹੀ ਹੈ, ਹੁਣ ਨੁਕਸ ਦੂਰ ਹੋ ਗਿਆ ਹੈ, ਜਿਸ ਨਾਲ ਵੱਡੀ ਰਾਹਤ ਮਿਲੀ ਹੈ।

ਯੁਵਕ ਸੇਵਾਵਾਂ ਵਿਭਾਗ ਨੇ ਗੀਲ ਮੇਕਿੰਗ ਪ੍ਰਤੀਯੋਗਤਾ ਕਰਵਾਈ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਯੁਵਕ ਸੇਵਾਵਾਂ ਵਿਭਾਗ ਹੁਸ਼ਿਆਰਪੁਰ ਵੱਲੋਂ ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਦੇ ਸਹਿਯੋਗ ਨਾਲ ਜ਼ਿਲ੍ਹੇ ਦੇ ਵੱਖ-ਵੱਖ ਕਾਲਜਾਂ ਵਿਚ ਰੈੱਡ ਰਿਬਨ ਕਲੱਬ ਚਲਾਏ ਜਾ ਰਹੇ ਹਨ। ਇਨ੍ਹਾਂ ਕਲੱਬਾਂ ਰਾਹੀਂ ਨੌਜਵਾਨਾਂ ਨੂੰ ਏਡਜ਼ ਜਾਗਰੂਕਤਾ, ਖੂਨਦਾਨ, ਨਸ਼ਾ ਵਿਰੋਧੀ ਅਭਿਆਨ ਅਤੇ ਟੀ.ਬੀ. ਦੇ ਜਾਗਰੂਕਤਾ ਲਈ ਪ੍ਰੋਗਰਾਮ ਚਲਾਏ ਜਾ ਰਹੇ ਹਨ। ਇਸ ਜਾਗਰੂਕਤਾ ਅਭਿਆਨ ਨੂੰ ਹੋਰ ਵੱਧ ਪ੍ਰਭਾਵੀ ਬਣਾਉਣ ਲਈ ਵਿਭਾਗ ਦੇ ਵੱਖ-ਵੱਖ ਤਰੀਕਿਆਂ ਨੂੰ ਅਪਨਾਇਆ ਹੈ।ਯੁਵਕ ਸੇਵਾਵਾਂ ਵਿਭਾਗ ਹੁਸ਼ਿਆਰਪੁਰ ਦੇ ਸਹਾਇਕ ਡਾਇਰੈਕਟਰ ਪ੍ਰੀਤ ਕੋਹਲੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਏਡਜ਼/ਐਚ.ਆਈ.ਵੀ ਪ੍ਰਤੀ ਨੌਜਵਾਨਾਂ ਵਿਚ ਜਾਗਰੂਕਤਾ ਫੈਲਾਉਣ ਲਈ ਜ਼ਿਲ੍ਹਾ ਪੱਧਰ 'ਤੇ ਇਕ ਗੀਲ ਮੇਕਿੰਗ ਪ੍ਰਤੀਯੋਗਤਾ ਵੀ ਆਯੋਜਿਤ ਕੀਤੀ ਗਈ ਸੀ। ਇਸ ਪ੍ਰਤੀਯੋਗਤਾ ਤਹਿਤ ਨੌਜਵਾਨਾਂ ਨਾਲ 30 ਸੈਕਿੰਡ ਤੋਂ ਇਕ ਮਿੰਟ ਦੀ ਗੀਲ ਬਣਾ ਕੇ ਭੇਜਣ ਲਈ ਕਿਹਾ ਗਿਆ ਸੀ। ਗੀਲਾਂ ਨੂੰ 1 ਅਗਸਤ ਤੋਂ 15 ਅਗਸਤ ਦੇ ਦਰਮਿਆਨ ਭੇਜਿਆ ਗਿਆ।ਕੋਹਲੀ ਨੇ ਦੱਸਿਆ ਕਿ ਪ੍ਰਾਪਤ ਗੀਲਾਂ ਦੀ ਜਜਮੈਂਟ ਸਹਾਇਕ ਲੋਕ ਸੰਪਰਕ ਅਫ਼ਸਰ ਲੋਕੇਸ਼ ਚੌਬੇ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫੋਲਵਾਹਾ ਦੇ ਹਿੰਦੀ ਲੈਕਚਰਾਰ ਨੀਰਜ ਧੀਮਾਨ ਅਤੇ ਸਰਕਾਰੀ ਮਿਡਲ ਸਕੂਲ ਮਿਰਜ਼ਾਪੁਰ ਦੇ ਅਧਿਆਪਕ ਗੁਲਿਆਨੀ ਵਲੋਂ ਕੀਤੀ ਗਈ। ਇਸੇ ਕੜੀ ਵਿਚ ਜ਼ਿਲ੍ਹਾ ਪੱਧਰ 'ਤੇ ਜੇਤੂਆਂ ਦੀ ਘੋਸ਼ਣਾ ਕੀਤੀ ਗਈ। ਪ੍ਰਤੀਯੋਗਤਾ ਵਿਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਪ੍ਰਤੀਭਾਗੀਆਂ ਨੂੰ ਕ੍ਰਮਵਾਰ 4000, 3000 ਅਤੇ 2000 ਰੁਪਏ ਦਾ ਪੁਰਸਕਾਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਰਿਆਤ-ਬਾਹਰਾ ਕਾਲਜ ਆਫ਼

ਨਰਸਿੰਗ ਹੁਸ਼ਿਆਰਪੁਰ ਦੀ ਅਨੁਰਾਧਾ ਪਹਿਲੇ, ਰਿਆਤ-ਬਾਹਰਾ ਕਾਲਜ ਆਫ਼ ਨਰਸਿੰਗ ਹੁਸ਼ਿਆਰਪੁਰ ਦੇ ਸ਼ੁਭਮ ਸ਼ਰਮਾ ਅਤੇ ਥਾਮਸਨ ਦੂਜੇ, ਜੀ.ਟੀ.ਬੀ. ਖਾਲਸਾ ਕਾਲਜ ਦਸੂਹਾ ਦੀ ਚਾਹਤ ਤੀਜੇ ਸਥਾਨ 'ਤੇ ਰਹੀ। ਇਸ ਤਰ੍ਹਾਂ ਪੀ.ਟੀ.ਯੂ

13-SEP-PAGE-10.qxd 9/12/2024 10:57 PM Page 1

ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਵਿਸ਼ਾਲ ਰੋਸ ਰੈਲੀ

ਸੰਗਰੂਰ (ਪ੍ਰਵੀਨ ਸਿੰਘ)-ਸਥਾਨਕ ਜ਼ਿਲ੍ਹਾ ਪੈਨਸ਼ਨਰ ਭਵਨ ਤਹਿਸੀਲ ਕੰਪਲੈਕਸ ਵਿਖੇ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਸੰਗਰੂਰ ਦੀ ਵਿਸ਼ਾਲ ਇੱਕਤਰਤਾ ਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੰਜਾਬ ਸਰਕਾਰ ਦੀ ਮੁਲਾਜ਼ਮ, ਪੈਨਸ਼ਨਰ ਮਾਰੂ ਤੇ ਮੰਗਾਂ ਸਬੰਧੀ ਟਾਲ ਮਟੋਲ ਨੀਤੀ ਦੀ ਨਿਖੇਧੀ ਕਰਦਿਆਂ ਪੰਜਾਬ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਵਿਸ਼ਾਲ ਰੋਸ ਰੈਲੀ ਕੀਤੀ ਗਈ।ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿੱਚ ਸੰਗਰੂਰ ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਹਰਵਿੰਦਰ ਭੱਠਲ ਭਵਾਨੀਗੜ੍ਹ ਦੇ ਪ੍ਰਧਾਨ ਗੋਪਾਲ ਕ੍ਰਿਸ਼ਨ, ਧੂਰੀ ਦੇ ਪ੍ਰਧਾਨ ਜਸਦੇਵ ਸਿੰਘ, ਦਿੜ੍ਹਬੇ ਤੋਂ ਦਰਸ਼ਨ ਸਿੰਘ ਰੋਗਲਾ, ਸੁਨਾਮ ਦੇ ਪ੍ਰਧਾਨ ਗੁਰਬਖ਼ਸ਼ ਸਿੰਘ, ਸ਼ੇਰਪੁਰ ਦੇ ਪ੍ਰਧਾਨ ਵੇਦ ਸਿੰਘ ਸਿੱਧੂ, ਸਰਪ੍ਰਸਤ ਤੇ ਸੂਬਾਈ ਆਗੂ ਕੁਲਵੰਤ ਸਿੰਘ ਧੂਰੀ, ਰਵਿੰਦਰ ਸਿੰਘ ਗੁੱਡੂ, ਵਿੱਤ ਸਕੱਤਰ ਰਜਿੰਦਰ ਸਿੰਘ ਚੰਗਾਲ, ਸੰਗਰੂਰ ਯੂਨਿਟ ਦੇ ਚੇਅਰਮੈਨ ਜਗਜੀਤ ਇੰਦਰ ਸਿੰਘ, ਜਨਰਲ ਸਕੱਤਰ ਭੁਪਿੰਦਰ ਜੱਸੀ ਮੌਜੂਦ ਸਨ।ਜਨਰਲ ਸਕੱਤਰ ਸ੍ਰੀ ਆਰ. ਐੱਲ. ਪਾਂਧੀ ਵੱਲੋਂ ਕੀਤੇ ਗਏ ਮੰਚ ਸੰਚਾਲਨ ਦੌਰਾਨ ਭਗਵੰਤ ਮਾਨ ਸਰਕਾਰ ਵੱਲੋਂ ਆਪਣੀਆਂ ਜਾਇਜ਼ ਤੇ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਨੂੰ ਪੁਲਸ ਜਬਰ ਨਾਲ ਕੁਚਲਨ ਤੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਫਰੰਟ ਦੇ ਆਗੂਆਂ 'ਤੇ ਬਣਾਏ ਝੂੱਠੇ ਪੁਲਸ ਕੇਸ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਇਹ ਕੇਸ ਤੁਰੰਤ ਵਾਪਸ ਲਏ ਜਾਣ।ਐਸੋਸੀਏਸ਼ਨ ਦੇ ਪ੍ਰਧਾਨ ਰਾਜ ਕੁਮਾਰ ਅਰੋੜਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵਿਧਾਨ ਸਭਾ ਚੋਣਾਂ ਦੌਰਾਨ ਸੱਤ ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਮੰਗਾਂ ਸਬੰਧੀ ਕੀਤੇ ਵਾਅਦੇ ਮੁਤਾਬਿਕ ਗੱਲਬਾਤ ਰਾਹੀਂ ਮੰਗਾਂ ਦਾ ਨਿਪਟਾਰਾ ਕਰੇ। ਐਸਮਾ ਵਰਗੇ ਕਾਲੇ ਕਾਨੂੰਨ ਪਾਣੀ ਦੀਆਂ ਬੋਛਾੜਾਂ, ਝੂਠੇ ਪੁਲਸ ਪਰਚੇ ਕਰਕੇ ਹੱਕੀ ਸੰਘਰਸ਼ਾਂ ਨੂੰ ਦਬਾਇਆ ਨਹੀਂ ਜਾ ਸਕਦਾ।ਸਰਪ੍ਰਸਤ ਕੁਲਵੰਤ ਸਿੰਘ ਧੂਰੀ, ਰਵਿੰਦਰ ਸਿੰਘ ਗੁੱਡੂ ਨੇ ਚੇਤਾਵਨੀ ਭਰੇ ਲਫਜ਼ਾਂ ਵਿੱਚ ਕਿਹਾ ਕਿ ਜਦੋਂ ਤੱਕ ਮੰਗਾਂ ਦੀ ਪ੍ਰਾਪਤੀ ਨਹੀਂ ਹੋ ਜਾਂਦੀ, ਸੰਘਰਸ਼ ਜਾਰੀ ਰਹੇਗਾ।

ਪ੍ਰਧਾਨ ਰਾਜ ਕੁਮਾਰ ਅਰੋੜਾ ਨੇ ਕਿਹਾ ਕਿ ਪੰਜਾਬ ਪੈਨਸ਼ਨਰ ਜੁਆਇੰਟ ਫਰੰਟ ਦੇ ਫ਼ੈਸਲੇ ਅਨੁਸਾਰ 18 ਸਤੰਬਰ ਨੂੰ ਸਮੁੱਚੇ ਪੰਜਾਬ ਵਿੱਚ ਜ਼ਿਲ੍ਹਾ ਪੱਧਰ ਤੇ ਰੈਲੀਆਂ ਕਰਕੇ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਿਆ ਜਾਵੇਗਾ। ਜੇਕਰ ਫਿਰ ਵੀ ਮੰਗਾਂ ਨਾਲ ਮੰਨਿਆ ਤਾਂ 22 ਅਕਤੂਬਰ ਨੂੰ ਪੈਨਸ਼ਨਰ ਜੁਆਇੰਟ ਫਰੰਟ ਵੱਲੋਂ ਵਿਸ਼ਾਲ ਸੂਬਾ ਪੱਧਰੀ ਰੈਲੀ/ਧਰਨਾ ਮੋਹਾਲੀ ਵਿਖੇ ਲਗਾਇਆ ਜਾਵੇਗਾ।ਇਸ ਮੌਕੇ ਸੁਰਿੰਦਰ ਸਿੰਘ ਸੋਢੀ, ਦਰਸ਼ਨ ਸਿੰਘ ਨੋਰਥ, ਲਾਭ ਸਿੰਘ, ਅਸ਼ੋਕ ਡੱਲਾ, ਰਾਜ ਕੁਮਾਰ ਬਾਂਸਲ, ਸੁਰਿਦਰ ਸਿੰਘ ਸੋਢੀ, ਲਾਲ ਚੰਦ ਸੈਣੀ, ਕੰਵਲਜੀਤ ਸਿੰਘ, ਜਨਕ ਰਾਜ ਜੋਸ਼ੀ, ਕਿਸ਼ੋਰੀ ਲਾਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੈਨਸ਼ਨਰ ਮੌਜੂਦ ਸਨ।

ਥਰਮਲ ਦੇ ਠੇਕਾ ਮੁਲਾਜ਼ਮਾਂ ਵੱਲੋਂ ਰੈਗੂਲਰ ਮੁਲਾਜ਼ਮਾਂ ਦੇ ਹੱਕ 'ਚ ਗੇਟ ਰੈਲੀ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਜੀ ਐੱਚ ਟੀ ਪੀ ਠੇਕਾ ਮੁਲਾਜ਼ਮ ਯੂਨੀਅਨ (ਆਜ਼ਾਦ) ਦੇ ਬੈਨਰ ਹੇਠ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੇ ਰੈਗੂਲਰ ਮੁਲਾਜ਼ਮਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਕੀਤੀ ਤਿੰਨ ਰੋਜ਼ਾ ਹੜਤਾਲ ਦੇ ਸਮਰਥਨ ਵਿੱਚ ਪਲਾਂਟ ਦੇ ਮੁੱਖ ਗੇਟ 'ਤੇ ਰੋਸ ਰੈਲੀ ਕੀਤੀ। ਜਥੇਬੰਦੀ ਦੇ ਪ੍ਰਧਾਨ ਜਗਰੂਪ ਸਿੰਘ ਲਹਿਰਾ, ਜਰਨਲ ਸਕੱਤਰ ਜਗਸੀਰ ਸਿੰਘ ਭੰਗੂ, ਮੀਤ ਪ੍ਰਧਾਨ ਬਲਜਿੰਦਰ ਸਿੰਘ ਮਾਨ ਤੇ ਹਰਦੀਪ ਸਿੰਘ ਤੱਗੜ ਨੇ ਸੰਬੋਧਨ ਦੌਰਾਨ ਪੰਜਾਬ ਸਰਕਾਰ ਤੇ ਪਾਵਰਕਾਮ/ਟ੍ਰਾਂਸਕੋ ਦੀ ਮੈਨੇਜਮੈਂਟ ਦੀਆਂ ਮੁਲਾਜ਼ਮ-ਮਾਰੂ ਨੀਤੀਆਂ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਰੈਗੂਲਰ ਮੁਲਾਜ਼ਮ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਲੈ ਕੇ ਪਿਛਲੇ ਇੱਕ ਮਹੀਨੇ ਤੋਂ ਲਗਾਤਾਰ ਸੰਘਰਸ਼ ਕਰ ਰਹੇ ਹਨ, ਪ੍ਰੰਤੂ ਪੰਜਾਬ ਸਰਕਾਰ ਤੇ ਪਾਵਰਕਾਮ/ਟ੍ਰਾਂਸਕੋ ਦੀ ਮੈਨੇਜਮੈਂਟ ਵੱਲੋਂ ਮੁਲਾਜ਼ਮਾਂ ਦੀਆਂ ਸਮੂਹ ਮੰਗਾਂ ਨੂੰ ਪ੍ਰਵਾਨ ਕਰਨ ਦੀ ਬਜਾਏ ਸੰਘਰਸ਼ ਕਰ ਰਹੇ ਮੁਲਾਜ਼ਮਾਂ 'ਤੇ 'ਐਸਮਾ' ਜਿਹੇ ਕਾਲੇ ਕਾਨੂੰਨ ਤਹਿਤ ਕੇਸ ਦਰਜ ਕਰਨ ਸਮੇਤ ਮਿਲ ਰਹੀਆਂ ਹੋਰ ਸਹੂਲਤਾਂ ਦੀ ਕੱਟ-ਵੱਢ ਕਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।

ਇਸ ਦੇ ਬਾਵਜੂਦ ਰੈਗੂਲਰ ਮੁਲਾਜ਼ਮ ਸੰਘਰਸ਼ ਦੇ ਮੈਦਾਨ ਵਿੱਚ ਡਟੇ ਹੋਏ ਹਨ। ਕਿਸਾਨਾਂ-ਮਜ਼ਦੂਰਾਂ ਤੇ ਠੇਕਾ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਰੈਗੂਲਰ ਮੁਲਾਜ਼ਮਾਂ ਦੇ ਸੰਘਰਸ਼ ਦੀ ਜ਼ੋਰਦਾਰ ਹਮਾਇਤ ਕਰ ਰਹੀਆਂ ਹਨ। ਆਗੂਆਂ ਨੇ ਮੰਗ ਕੀਤੀ ਕਿ ਬਿਜਲੀ ਐਕਟ 2003 ਤੇ 2022 ਨੂੰ ਰੱਦ ਕੀਤਾ ਜਾਵੇ, ਬਿਜਲੀ ਬੋਰਡ ਦੇ ਨਿਗਮੀਕਰਨ/ਨਿਜੀਕਰਨ ਦੀ ਨੀਤੀ ਨੂੰ ਰੱਦ ਕੀਤਾ ਜਾਵੇ, 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਨੂੰ ਪੁਰਾਣੀ ਪੈਨਸ਼ਨ ਸਕੀਮ ਤਹਿਤ ਪੈਨਸ਼ਨ ਦਿੱਤੀ ਜਾਵੇ, ਛੇਵੇਂ ਪੇ-ਕਮਿਸ਼ਨ ਨੂੰ ਸਮੂਹ ਮੁਲਾਜ਼ਮਾਂ ਉੱਤੇ ਲਾਗੂ ਕੀਤਾ ਜਾਵੇ, ਡਿਸਮਿਸ ਕੀਤੇ ਮੁਲਾਜ਼ਮ ਆਗੂਆਂ ਨੂੰ ਬਹਾਲ ਕੀਤਾ ਜਾਵੇ, ਡੀ. ਏ. ਵਿੱਚ 50 ਪ੍ਰਤੀਸ਼ਤ ਵਾਧਾ ਕੀਤਾ ਜਾਵੇ, 01-01-2016 ਤੋਂ ਪੇ-ਸਕੇਲਾਂ ਦਾ ਬਕਾਇਆ ਤੁਰੰਤ ਜਾਰੀ ਕੀਤਾ ਜਾਵੇ, ਪਾਵਰਕਾਮ ਵਿੱਚ ਨਵੀਆਂ ਅਸਾਮੀਆਂ ਦੀ ਰਚਨਾ ਕਰਕੇ ਮੁਲਾਜ਼ਮਾਂ 'ਤੇ ਪਿਆ ਵਾਧੂ ਕੰਮ ਬੋਝ ਨੂੰ ਘੱਟ ਕੀਤਾ ਜਾਵੇ, ਡਿਊਟੀ ਦੌਰਾਨ ਹਾਦਸੇ 'ਚ ਆਪਣੀ ਜਾਨ ਗਵਾਉਣ 'ਤੇ ਬਿਜਲੀ ਮੁਲਾਜ਼ਮਾਂ ਨੂੰ ਸ਼ਹੀਦ ਦਾ ਦਰਜਾ ਤੇ ਪਰਵਾਰ ਨੂੰ ਇੱਕ ਕਰੋੜ ਰੁਪਏ ਦੀ ਆਰਥਿਕ ਮੱਦਦ ਦਿੱਤੀ ਜਾਵੇ।

ਪ੍ਰਾਪਰਟੀ ਯੂਨੀਅਨ ਵੱਲੋਂ ਨਾਇਬ ਤਹਿਸੀਲਦਾਰ ਦਾ ਸਨਮਾਨ

ਮਲੋਟ (ਗੁਰਮੀਤ ਸਿੰਘ ਮੱਕੜ)-ਪ੍ਰਾਪਰਟੀ ਯੂਨੀਅਨ ਮਲੋਟ ਵੱਲੋਂ ਯੂਨੀਅਨ ਦੇ ਪ੍ਰਧਾਨ ਜਸਵੀਰ ਸਿੰਘ ਜੱਸੀ ਦੀ ਅਗਵਾਈ ਵਿੱਚ ਨਾਇਬ ਤਹਿਸੀਲਦਾਰ ਮੈਡਮ ਹਰਪ੍ਰੀਤ ਕੌਰ ਨੂੰ ਬੁੱਕਾ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਯੂਨੀਅਨ ਦੇ ਆਗੂਆਂ ਵੱਲੋਂ ਆਪਣੀਆਂ ਸਮੱਸਿਆਵਾਂ ਨੂੰ ਲੈ ਕੇ ਨਾਇਬ ਤਹਿਸੀਲਦਾਰ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਸਰਪ੍ਰਸਤ ਵਿਜੈ ਨਰੂਲਾ, ਪ੍ਰਧਾਨ ਜਸਵੀਰ ਸਿੰਘ ਜੱਸੀ, ਸਾਬਕਾ ਪ੍ਰਧਾਨ ਪ੍ਰਵੀਨ ਮਦਾਨ, ਪਰਮਿੰਦਰ ਸਿੰਘ, ਦਲੀਪ ਮੱਕੜ, ਕਰਮਜੀਤ ਸਿੰਘ ਨਾਗੀ, ਸੁਰਿੰਦਰ ਗੋਇਲ, ਜਸਵੰਤ ਸਿੰਘ, ਰਾਕੇਸ਼ ਤੰਵਰ, ਗੁਰਪ੍ਰੀਤ ਸਿੰਘ, ਰਾਕੇਸ਼ ਤਿੰਨਾ, ਵਿਜੈ ਛਾਬੜਾ, ਪ੍ਰਦੀਪ ਕੁਮਾਰ, ਨੀਤੂ ਚਾਵਲਾ ਆਦਿ ਹਾਜ਼ਰ ਸਨ।

ਪਰਾਲੀ ਪ੍ਰਬੰਧਨ ਸੰਬੰਧੀ ਸਰਕਲ ਹਲੀਮਵਾਲਾ ਵਿਖੇ ਕਿਸਾਨ ਜਾਗਰੂਕਤਾ ਕੈਂਪ

ਜਲਾਲਾਬਾਦ (ਜੀਤ ਕੁਮਾਰ, ਜੰਗੀਰ ਕੌਰ)-ਖੇਤੀਬਾੜੀ ਵਿਭਾਗ ਜ਼ਿਲ੍ਹਾ ਫਾਜ਼ਿਲਕਾ ਦੇ ਮੁੱਖ ਖੇਤੀਬਾੜੀ ਅਫਸਰ ਡਾ. ਸੰਦੀਪ ਰਿਣਵਾ ਤੇ ਬਲਾਕ ਖੇਤੀਬਾੜੀ ਅਫਸਰ ਮੈਡਮ ਹਰਪ੍ਰੀਤ ਪਾਲ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਰਕਲ ਹਲੀਮਵਾਲਾ ਇੰਚਾਰਜ ਏ.ਈ.ਓ. ਸੰਦੀਪ ਸਿੰਘ ਬੱਲ ਵੱਲੋਂ ਸਰਕਲ ਹਲੀਮਵਾਲਾ ਦੇ ਕਿਸਾਨਾਂ ਨਾਲ ਪਰਾਲੀ ਦੀ ਸਾਂਭ ਸੰਭਾਲ ਲਈ ਸਰਕਾਰ ਵੱਲੋਂ ਜੋ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ, ਉਹ ਹਰ ਇੱਕ ਪਿੰਡ ਦੇ ਕਿਸਾਨਾਂ ਨਾਲ ਮੀਟਿੰਗਾਂ ਜਾਂ ਕੈਂਪ ਰਾਹੀਂ ਜਾਗਰਕ ਕੀਤਾ ਜਾ ਰਿਹਾ ਹੈ। ਇਸ ਮੌਕੇ ਸੰਦੀਪ ਬੱਲ ਨੇ ਦੱਸਿਆ ਕਿ ਸਰਕਾਰ ਵੱਲੋਂ ਹਲੀਮਵਾਲਾ ਵਿਖੇ ਪਰਾਲੀ ਦੀ ਸਾਂਭ ਸੰਭਾਲ ਲਈ 3 ਕਿੱਲੇ ਦਾ ਡੰਪ ਵੀ ਮਨਜ਼ੂਰ ਕੀਤਾ ਹੈ ਤਾਂ ਜੋ ਕਿਸਾਨ ਆਪਣੀ ਪਰਾਲੀ ਦੀ ਸੰਭਾਲ ਗੱਠਾਂ ਬਣਾ ਕੇ ਸਟੋਰ ਕਰ ਸਕਣ। ਪਿੰਡ ਸੜੀਆ, ਰੋੜਾਂਵਾਲੀ, ਚੱਕ ਪਾਲੀਵਾਲਾ, ਤਾਰੇਵਾਲਾ ਆਦਿ ਪਿੰਡਾਂ ਦੇ ਕਿਸਾਨਾਂ, ਨੰਬਰਦਾਰ, ਸਰਪੰਚ ਨਾਲ ਮਿਲ ਕੇ ਕੈਂਪ ਵੀ ਲਗਾਏ ਗਏ। ਉਨ੍ਹਾ ਦੱਸਿਆ ਕਿ ਵੱਖ ਵੱਖ ਪਿੰਡਾਂ ਵਿੱਚ ਸਰਕਾਰ ਵੱਲੋਂ ਸਬਸਿਡੀ ਉੱਪਰ ਪਰਾਲੀ ਦੀ ਸਾਂਭ ਸੰਭਾਲ ਲਈ ਕਿਸਾਨਾਂ ਨੂੰ ਸੰਦ ਵੀ ਦਿੱਤੇ ਗਏ ਹਨ, ਜਿਨ੍ਹਾਂ ਦੀਆਂ ਲਿਸਟਾਂ ਪਿੰਡਾਂ ਵਿੱਚ ਲਗਾਈਆ ਜਾ ਰਹੀਆਂ ਹਨ ਤੇ ਕੋਈ ਵੀ ਕਿਸਾਨ ਇਹ ਮਸ਼ੀਨਾਂ ਕਿਰਾਏ ਉੱਪਰ ਲੈ ਕੇ ਕਣਕ ਦੀ ਬਿਜਾਈ ਕਰ ਸਕਦਾ ਹੈ। ਸਰਕਲ ਵਿੱਚ ਮੌਜੂਦ ਪਿੰਡ ਖੁੜੰਜ, ਚੱਕ ਪਾਲੀ ਵਾਲਾ, ਹਲੀਮ ਵਾਲਾ, ਚੱਕ ਗੁਲਾਮ ਰਸੂਲਵਾਲਾ ਵਿੱਚ ਮੌਜੂਦ ਕੋਆਪ੍ਰੇਟਿਵ ਸੁਸਾਇਟੀਆਂ ਤੇ ਪੰਚਾਇਤਾਂ ਵਾਲੇ ਸੰਦਾਂ ਬਾਰੇ ਵੀ ਦੱਸਿਆ ਗਿਆ।

ਨੇਸਟੋਰੀਆ ਗਰੁੱਪ ਆਫ਼ ਕੰਪਨੀਜ਼ ਵੱਲੋਂ ਸ਼ਿਵ ਲੰਗਰ ਕਮੇਟੀ ਦਾ ਸਨਮਾਨ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਨੇਸਟੋਰੀਆ ਆਫ ਕੰਪਨੀਜ਼ ਢੋਲੇਰਾਂ ਸਮਾਰਟ ਸਿਟੀ ਵੱਲੋਂ ਨੌਵਾਂ ਟੈੱਲ ਹੋਟਲ ਅਹਿਮਦਾਬਾਦ ਗੁਜਰਾਤ ਵਿਖੇ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਭਾਰਤ ਦੇ ਨਾਮਵਰ ਸਮਾਜ ਸੇਵਕਾਂ ਤੇ ਢੋਲੇਰਾਂ ਸਮਾਰਟ ਸਿਟੀ ਨੂੰ ਵਿਕਸਤ ਕਰਨ ਤੇ ਹਰਾ-ਭਰਾ ਬਣਾਉਣ ਲਈ ਯੋਗਦਾਨ ਦੇਣ ਵਾਲੀਆਂ ਸਮਾਜ ਸੇਵੀ ਸੰਸਥਾਵਾਂ ਤੇ ਲੋਕਾਂ ਨੂੰ ਸਨਮਾਨਤ ਕੀਤਾ ਗਿਆ। ਇਸ ਸਮਾਰੋਹ ਵਿੱਚ ਸਮਾਣਾ ਸ਼ਹਿਰ ਦਾ ਨਾਮ ਉੱਚਾ ਕਰਨ ਵਾਲੀ ਸਮਾਜ ਸੇਵੀ ਸੰਸਥਾ ਸ਼ਿਵ ਲੰਗਰ ਕਮੇਟੀ ਰਜਿਸਟਰਡ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਸ਼ਿਵ ਲੰਗਰ ਕਮੇਟੀ ਵੱਲੋਂ ਕਮੇਟੀ ਦੇ ਪ੍ਰਧਾਨ ਅਮਰ ਗੋਇਲ, ਵਿਨੈ ਸੇਠੀ, ਮੋਹਾਲੀ ਤੇ ਭਾਜਪਾ ਨੇਤਾ ਨਲਿਨੀ ਚੋਪੜਾ ਨੇ ਸਨਮਾਨ ਪ੍ਰਾਪਤ ਕੀਤਾ। ਇਸ ਮੌਕੇ ਨੈਸਟੋਰੀਆ ਗਰੁੱਪ ਆਫ ਕੰਪਨੀਜ਼ ਦੇ ਚੇਅਰਮੈਨ ਮੋਹਨ ਸਿੰਘ ਤੋਮਰ, ਨਿਤਿਨ ਸਿੰਘ ਤੋਮਰ ਡਾਇਰੈਕਟਰ ਫਾਊਂਡਰ ਨਰੇਸਾਂ ਗਰੁੱਪ ਫਾਊਂਡਰ ਨੇ ਕਿਹਾ ਕਿ ਸ਼ਿਵ ਲੰਗਰ ਕਮੇਟੀ ਸਮਾਣਾ ਪਿਛਲੇ 32 ਸਾਲਾਂ ਤੋਂ ਅਮਰਨਾਥ ਦੀ ਯਾਤਰਾ ਕਰਨ ਵਾਲੇ ਯਾਤਰੀਆਂ ਲਈ ਬੁਰਾੜੀ ਮਾਰਗ ਬਾਲਟਾਲ ਜੰਮੂ ਕਸ਼ਮੀਰ ਵਿਖੇ ਵਿਸ਼ਾਲ ਲੰਗਰ ਚਲਾ ਕੇ ਹਜ਼ਾਰਾਂ ਯਾਤਰੀਆਂ ਨੂੰ ਰੋਜ਼ਾਨਾ 40 ਦਿਨ ਰਾਤ ਦੀ ਖਾਣ ਪੀਣ ਲਈ ਭੋਜਨ ਤੇ ਰਾਤ ਨੂੰ ਠਹਿਰਨ ਦੀ ਵਿਵਸਥਾ ਕਰਵਾ ਕੇ ਨਿਸ਼ਕਾਮ ਸੇਵਾ ਕਰ ਰਹੀ ਹੈ, ਜੋ ਬਹੁਤ ਹੀ ਸ਼ਲਾਘਾਯੋਗ ਕੰਮ ਹੈ। ਇਸ ਮੌਕੇ ਪੂਰੇ ਭਾਰਤ ਤੋਂ ਆਏ ਸਮਾਜ ਸੇਵਕਾਂ, ਬਿਲਡਰਾਂ ਤੇ ਇਨਵੈਸਟਰਾਂ ਨੂੰ ਵੀ ਸਨਮਾਨਤ ਕੀਤਾ ਗਿਆ। ਇਸ ਮੌਕੇ ਅਸ਼ੋਕ ਕੁਮਾਰ ਜਯੋਤੀ ਠਾਕੁਰ ਆਸ਼ੀਸ਼ ਚੋਪੜਾ, ਹਿਮਾਸ਼ੂ ਸੇਠੀ, ਪ੍ਰਿਤਪਾਲ ਸਿੰਘ, ਈਸ਼ਾ ਦੁਆ, ਵਿਨੈ ਸੇਠੀ ਆਦਿ ਹਾਜ਼ਰ ਸਨ।

ਪੈਰਾ-ਉਲਿੰਪਕ ਖੇਡਾਂ 'ਚ ਸੋਨ ਤਮਗ਼ਾ ਜੇਤੂ ਹਰਵਿੰਦਰ ਸਿੰਘ ਦਾ ਸ਼ਾਨਦਾਰ ਸਵਾਗਤ

ਸੈਮੀ ਫਾਈਨਲ ਤੱਕ ਪੁੱਜਣ ਵਾਲੀ ਤੀਰਅੰਦਾਜ਼ ਪੂਜਾ ਦਾ ਵੀ ਕੀਤਾ ਸਵਾਗਤ

ਪਟਿਆਲਾ (ਰਾਜਿੰਦਰ ਸਿੰਘ ਬਿੰਦ)

ਪੈਰਿਸ ਵਿਖੇ ਪੈਰਾ-ਓਲਿੰਪਕ ਖੇਡਾਂ ਵਿੱਚ ਸੋਨ ਤਮਗ਼ਾ ਜਿੱਤ ਕੇ ਪਰਤੇ ਤੀਰਅੰਦਾਜ਼ ਹਰਵਿੰਦਰ ਸਿੰਘ ਤੇ ਸੈਮੀਫਾਈਨਲ ਤੱਕ ਜਾਣ ਵਾਲ਼ੀ ਤੀਰਅੰਦਾਜ਼ ਪੂਜਾ ਦਾ ਪੰਜਾਬੀ ਯੂਨੀਵਰਸਿਟੀ ਪਹੁੰਚਣ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ।ਇਸ ਉਪਰੰਤ ਦੋਹਾਂ ਨੂੰ ਇੱਕ ਓਪਨ ਗੱਡੀ ਰਾਹੀਂ ਕਾਫਲੇ ਦੇ ਰੂਪ ਵਿੱਚ ਸਾਇੰਸ ਆਡੀਟੋਰੀਅਮ ਤੱਕ ਲਿਜਾਇਆ ਗਿਆ।ਢੋਲ ਦੇ ਡੱਗੇ 'ਤੇ ਨੱਚਦੇ ਇਸ ਕਾਫ਼ਲੇ ਵਿੱਚ ਸ਼ਾਮਲ ਵਿਦਿਆਰਥੀਆਂ 'ਚ ਉਤਸ਼ਾਹ ਵੇਖਣ ਨੂੰ ਮਿਲਿਆ।

ਇਸ ਉਪਰੰਤ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ੍ਰੀ ਕੇ. ਕੇ. ਯਾਦਵ, ਆਈ. ਏ. ਐੱਸ. ਵੱਲੋਂ ਸਾਇੰਸ ਆਡੀਟੋਰੀਅਮ ਵਿੱਚ ਚਲਦੇ ਪ੍ਰੋਗਰਾਮ ਦੌਰਾਨ ਫ਼ੋਨ ਕਾਲ ਰਾਹੀਂ ਦੋਹਾਂ ਖਿਡਾਰੀਆਂ ਨਾਲ਼ ਵਿਸ਼ੇਸ਼ ਤੌਰ 'ਤੇ ਗੱਲ ਕੀਤੀ ਅਤੇ ਉਨ੍ਹਾਂ ਨੂੰ ਵਧਾਈ ਤੇ ਸ਼ੁੱਭ-ਕਾਮਨਾਵਾਂ ਦਿੱਤੀਆਂ।ਡੀਨ ਅਕਾਦਮਿਕ ਪ੍ਰੋ. ਨਰਿੰਦਰ ਕੌਰ ਮੁਲਤਾਨੀ ਨੇ ਇਸ ਮੌਕੇ ਬੋਲਦਿਆਂ ਦੋਹਾਂ ਖਿਡਾਰੀਆਂ ਨੂੰ ਵਧਾਈ ਦਿੱਤੀ ਤੇ ਪੈਰਾ ਓਲੰਪਿਕ ਖੇਡਾਂ ਦੇ ਇਤਿਹਾਸ ਤੇ ਮਹੱਤਵ ਬਾਰੇ ਵੀ ਚਾਨਣਾ ਪਾਇਆ।ਰਜਿਸਟਰਾਰ ਪ੍ਰੋ. ਸੰਜੀਵ ਪੁਰੀ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਦਾ ਖੇਡਾਂ ਪੱਖੋਂ ਸ਼ਾਨਦਾਰ ਇਤਿਹਾਸ ਰਿਹਾ ਹੈ।ਉਨ੍ਹਾ ਕਿਹਾ ਕਿ ਕੌਮਾਂਤਰੀ ਪੱਧਰ ਦੀਆਂ ਅਜਿਹੀਆਂ ਪ੍ਰਾਪਤੀਆਂ ਦੀ ਬਰਕਰਾਰੀ ਲਈ ਯੂਨੀਵਰਸਟੀ ਵਚਨਬੱਧ ਹੈ।ਤੀਰਅੰਦਾਜ਼ ਹਰਵਿੰਦਰ ਸਿੰਘ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵਿੱਚ ਪਹੁੰਚ ਕੇ ਉਸ ਨ

13-Sept-PAGE-11-Majha-24.qxd 9/12/2024 11:02 PM Page 1

ਸਕੂਲੀ ਬੱਸਾਂ ਟ੍ਰੈਫ਼ਿਕ ਨਿਯਮਾਂ ਦੀਆਂ ਸ਼ਰੇਆਮ ਉਡਾ ਰਹੀਆਂ ਹਨ ਧੱਜੀਆਂ, ਮਹਿਕਮਾ ਕੁੰਭਕਰਨੀ ਨੀਂਦ ਸੁੱਤਾ

ਗੁਰਦਾਸਪੁਰ, (ਜਨਕ ਮਹਾਜਨ)-ਪੰਜਾਬ ਸਰਕਾਰ ਵਲੋਂ ਸਕੂਲੀ ਬੱਸਾਂ ਸਬੰਧੀ ਜਾਰੀ ਹਦਾਇਤਾਂ ਨੂੰ ਲਾਗੂ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ-ਨਾਲ ਪੁਲਸ ਵਿਭਾਗ ਵੀ ਬੱਸਾਂ ਦੀ ਜ਼ਿਆਦਾ ਜਾਂਚ ਪੜਤਾਲ ਨਹੀਂ ਕਰ ਰਿਹਾ, ਜਿਸ ਕਰਕੇ ਬਹੁਤੀਆਂ ਸਕੂਲੀ ਬੱਸਾਂ ਸਰਕਾਰੀ ਹਦਾਇਤਾਂ ਦੀਆਂ ਪਾਲਣਾ ਨਾ ਕਰਦੇ ਹੋਏ ਬੇਝਿਜਕ ਸੜਕਾਂ 'ਤੇ ਦੌੜ ਰਹੀਆਂ ਹਨ। ਬਦਕਿਸਮਤੀ ਨਾਲ ਜਦੋਂ ਕੋਈ ਅਣਸਖਾਵੀਂ ਘਟਨਾ ਵਾਪਰਦੀ ਹੈ ਤਾਂ ਸਾਰਾ ਪ੍ਰਸ਼ਾਸਨ ਹਰਕਤ ਵਿੱਚ ਆ ਜਾਂਦਾ ਹੈ।

ਗੁਰਦਾਸਪੁਰ ਸ਼ਹਿਰ ਤੇ ਇਸ ਦੇ ਆਲੇ-ਦੁਆਲੇ ਥਾਣਾ ਪੁਰਾਣਾ ਸ਼ਾਲਾ, ਦੋਰਾਂਗਲਾ, ਬਹਿਰਾਮਪੁਰ, ਦੀਨਾਨਗਰ ਆਦਿ ਦੇ ਕਈ ਥਾਣਿਆਂ ਅਧੀਨ ਪੈਂਦੇ ਸਕੂਲਾਂ ਦੀਆਂ ਬੱਸਾਂ ਸਵੇਰ, ਦੁਪਹਿਰ ਨੂੰ ਬੱਚਿਆਂ ਨੂੰ ਲਿਆਉਣ-ਲਿਜਾਣ ਲਈ ਦੌੜ ਰਹੀਆਂ ਹਨ, ਜਦਕਿ ਇਹਨਾਂ ਬੱਸਾਂ ਵਿੱਚ ਜ਼ਿਆਦਾਤਰ ਸਕੂਲੀ ਬੱਸਾਂ ਸਰਕਾਰ ਵੱਲੋਂ ਜਾਰੀ ਹਦਾਇਤਾਂ ਮੁਤਾਬਕ ਰੂਲਾਂ ਨੂੰ ਪੂਰਾ ਨਹੀਂ ਕਰ ਰਹੀਆਂ। ਸਰਕਾਰ ਵੱਲੋਂ ਜਾਰੀ ਮੋਟੀਆਂ-ਮੋਟੀਆਂ ਹਦਾਇਤਾਂ ਅਨੁਸਾਰ ਹਰ ਸਕੂਲੀ ਬੱਸ ਦਾ ਰੰਗ ਪੀਲਾ ਹੋਣਾ ਚਾਹੀਦਾ ਹੈ, ਬੱਸ 'ਤੇ ਸਕੂਲ ਦਾ ਨਾਂਅ ਤੇ ਮੋਬਾਇਲ ਨੰਬਰ ਵੀ ਲਿਖਿਆ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਹੋਰੀਜੈਂਟਲ ਦਰਵਾਜ਼ੇ ਹੋਣੇ ਚਾਹੀਦੇ ਹਨ, ਬੱਸ ਵਿੱਚ ਡਰਾਈਵਰ ਦੇ ਨਾਲ-ਨਾਲ ਕੰਡਕਟਰ ਦਾ ਹੋਣਾ ਵੀ ਲਾਜ਼ਮੀ ਹੁੰਦਾ ਹੈ, ਜੇਕਰ ਬੱਸ ਵਿਚ ਲੜਕੀਆਂ ਹੋਣ ਤਾਂ ਲੜਕੀ ਕੰਡਕਟਰ ਦਾ ਹੋਣਾ ਵੀ ਜ਼ਰੂਰੀ ਹੈ, ਬੱਸ ਦੇ ਡਰਾਈਵਰ ਨੇ ਨੀਲੇ ਫਿੱਕੇ ਰੰਗ ਦੀ ਵਰਦੀ ਪਾਈ ਹੋਣੀ ਚਾਹੀਦੀ ਹੈ, ਡਰਾਈਵਰ ਕੋਲ ਘੱਟੋ-ਘੱਟ ਪੰਜ ਸਾਲ ਦਾ ਹੈਵੀ ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ, ਡਰਾਈਵਰ ਦੀਆਂ ਅੱਖਾਂ ਦੀ ਸਮੇਂ-ਸਮੇਂ ਸਿਰ ਜਾਂਚ ਹੋਣੀ ਲਾਜ਼ਮੀ ਹੈ, ਬੱਸਾਂ ਵਿੱਚ ਸੀਸੀਟੀਵੀ ਕੈਮਰੇ ਦਾ ਹੋਣਾ ਵੀ ਜ਼ਰੂਰੀ ਹੁੰਦਾ ਹੈ, ਇਸ ਤੋਂ ਇਲਾਵਾ ਬੱਸ ਵਿੱਚ ਐਮਰਜੈਂਸੀ ਦਰਵਾਜ਼ਾ ਵੀ ਹੋਣਾ ਚਾਹੀਦਾ ਹੈ, ਬੱਸਾਂ ਦੀਆਂ ਖਿੜਕੀਆਂ ਨੂੰ ਗਰਿੱਲਾਂ ਹੋਣੀਆਂ ਚਾਹੀਦੀਆਂ ਹਨ, ਵਿਦਿਆਰਥੀਆਂ ਲਈ ਸਕੂਲ ਬੈਗ ਰੱਖਣ ਲਈ ਜਗ੍ਹਾ ਵੀ ਬੱਸ ਵਿੱਚ ਹੋਣੀ ਚਾਹੀਦੀ ਹੈ, ਸਕੂਲੀ ਬੱਸ ਵਿੱਚ ਜੀਪੀਐਸ ਸਿਸਟਮ ਵੀ ਲੱਗਾ ਹੋਣਾ ਚਾਹੀਦਾ ਹੈ, ਬੱਸ ਵਿੱਚ ਸਮਰੱਥਾ ਤੋਂ ਵੱਧ ਬੱਚੇ ਨਹੀਂ ਬੈਠਣੇ ਚਾਹੀਦੇ, ਬੱਸ ਵਿੱਚ ਫਸਟ ਏਡ ਬਕਸਾ ਹੋਣਾ ਚਾਹੀਦਾ ਹੈ ਅਤੇ ਇਸ ਦੀ ਪੂਰੀ ਤਰ੍ਹਾਂ ਜਾਣਕਾਰੀ ਡਰਾਈਵਰ, ਕੰਡਕਟਰ ਹੋਣੀ ਚਾਹੀਦੀ ਹੈ, ਬੱਸ ਦੀ ਫੁੱਟ ਸਟੈਪ ਦੀ ਉਚਾਈ ਵੀ ਲੋੜ ਅਨੁਸਾਰ ਚਾਹੀਦੀ ਹੈ, ਸਕੂਲੀ ਬੱਸਾਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਸਿੱਖਿਆ ਅਫਸਰ, ਜਿਲ੍ਹਾ ਬਾਲ ਸੁਰੱਖਿਆ ਅਫਸਰ, ਰੀਜਨਲ ਟਰਾਂਸਪੋਰਟ ਅਫਸਰ, ਟਰੈਫਿਕ ਇੰਚਾਰਜਾਂ ਦੇ ਨਾਲ-ਨਾਲ ਥਾਣਾ ਮੁਖੀਆਂ ਨੂੰ ਵੀ ਸਮੇਂ-ਸਮੇਂ ਸਿਰ ਇਨ੍ਹਾਂ ਬੱਸਾਂ ਦੀ ਚੈਕਿੰਗ ਕਰਨੀ ਚਾਹੀਦੀ ਹੈ। ਉਲੰਘਣਾ ਕਰਨ ਵਾਲੀਆਂ ਬੱਸਾਂ ਦੇ ਚਲਾਨ ਕਰਨ ਤੋਂ ਇਲਾਵਾ ਜ਼ਰੂਰਤ ਹੋਵੇ ਤਾਂ ਇਨ੍ਹਾਂ ਨੂੰ ਬਾਊਂਡ ਵੀ ਕਰਨਾ ਚਾਹੀਦਾ ਹੈ।

ਜਦ ਟ੍ਰੈਫ਼ਿਕ ਅਧਿਕਾਰੀ ਅਜੇ ਕੁਮਾਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਪਿਛਲੇ ਮਹੀਨੇ 25 ਦੇ ਕਰੀਬ ਸਕੂਲੀ ਬੱਸਾਂ ਦੇ ਨਿਯਮਾਂ ਦੀ ਉਲੰਘਣ ਕਰਨ 'ਤੇ ਚਲਾਨ ਕੀਤੇ ਹਨ। ਦੋਰਾਂਗਲਾ ਦੇ ਥਾਣਾ ਮੁਖੀ ਦਵਿੰਦਰ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪਿਛਲੇ ਇਕ ਮਹੀਨੇ ਤੋਂ ਕਿਸੇ ਵੀ ਸਕੂਲੀ ਬੱਸ ਦਾ ਚਲਾਨ ਨਹੀਂ ਕੀਤਾ ਗਿਆ। ਜਦ ਥਾਣਾ ਮੁਖੀ ਪੁਰਾਣਾ ਸ਼ਾਲਾ ਮੈਡਮ ਕ੍ਰਿਸ਼ਮਾ ਨਾਲ ਮੋਬਾਈਲ 'ਤੇ ਸੰਪਰਕ ਕਰਨਾ ਚਾਹਿਆ ਤਾਂ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ।

ਉਦੀਪੁਰ 'ਚ 19 ਤੇ 20 ਨੂੰ ਹੋਵੇਗਾ ਦੋ ਰੋਜ਼ਾ ਸੱਭਿਆਚਾਰਕ ਮੇਲਾ

ਦੀਨਾਨਗਰ, (ਸੰਜੀਵ) ਪੰਜ ਪੀਰ ਬਾਬਾ ਮੱਲੇ ਸ਼ਾਹ ਜੀ ਦੀ ਯਾਦ ਵਿੱਚ ਪਿੰਡ ਉਦੀਪੁਰ ਵਿਖੇ 19 ਤੇ 20 ਸਤੰਬਰ ਨੂੰ ਦੋ ਰੋਜ਼ਾ ਸਾਲਾਨਾ ਸੱਭਿਆਚਾਰ ਮੇਲਾ ਬੜੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ, ਜਿਸ ਵਿੱਚ ਪੰਜਾਬੀ ਗਾਇਕਾ ਕੌਰ ਬੀ, ਪ੍ਰੋ. ਅਲਮਸਤ ਸੋਨੂੰ, ਵਾਇਸ ਪੰਜਾਬ ਦੇ ਗਾਇਕ ਅਰੁਣ ਕੁਮਾਰ, ਭਾਰਤੀ-ਨੀਤਿਕਾ, ਬਿੱਟੂ ਚੀਮਾ ਵਰਗੇ ਨਾਮਵਰ ਕਲਾਕਾਰ ਗੀਤ ਤੇ ਕੱਵਾਲੀਆਂ ਪੇਸ਼ ਕਰਨਗੇ ਅਤੇ ਠਾਕੁਰ ਹਰਦੀਪ ਸਿੰਘ ਦੀ ਯਾਦ ਵਿੱਚ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰੱਖਣ ਅਤੇ ਜਾਗਰੂਕ ਕਰਨ ਲਈ ਇੱਕ ਕਬੱਡੀ ਟੂਰਨਾਮੈਂਟ ਵੀ ਕਰਾਇਆ ਜਾਵੇਗਾ। .

ਪ੍ਰਬੰਧਕ ਸਰਪੰਚ ਸਰਦਾਰਾ ਸਿੰਘ ਘੁੰਮਣ, ਦਰਬਾਰਾ ਸਿੰਘ ਯੂ.ਐਸ.ਏ, ਮੋਤੀ ਘੁਮਾਣ ਯੂ.ਐਸ.ਏ, ਸੋਨੂੰ ਘੁਮਾਣ ਯੂ.ਐਸ.ਏ, ਲੱਬੀ ਜਸਰੋਟੀਆਂ, ਕਾਲੀ ਘੁੰਮਣ, ਬਬਲੂ ਘੁੰਮਣ, ਪ੍ਰਬੋਦ ਚੰਦਰ, ਪ੍ਰੋਫੈਸਰ ਸੁਬੀਰ ਰਗਬੋਤਰਾ ਤੇ ਸਮੂਹ ਕਮੇਟੀ ਮੈਂਬਰ ਸ਼ਾਮਲ ਹੋਏ ਅਤੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਇਸ ਮੇਲੇ ਵਿੱਚ ਸਾਬਕਾ ਕੈਬਨਿਟ ਮੰਤਰੀ ਤੇ ਇਲਾਕਾ ਵਿਧਾਇਕਾ ਅਰੁਣਾ ਚੌਧਰੀ ਤੇ ਸੀਨੀਅਰ ਕਾਂਗਰਸੀ ਆਗੂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ।ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਜੇਤੂ ਕਬੱਡੀ ਟੀਮ ਨੂੰ ਵੱਡੇ ਇਨਾਮ ਵੰਡੇ ਜਾਣਗੇ।

ਪੀ ਐੱਸ ਪੀ ਸੀ ਐੱਲ ਦੇ ਘਾਟੇ 'ਚ ਭਾਰੀ ਕਮੀ ਆਈ : ਜਸਬੀਰ ਸਿੰਘ ਸੁਰ ਸਿੰਘ

ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐੱਸ.ਪੀ.ਸੀ.ਐੱਲ.) ਦੇ ਘਾਟੇ ਵਿੱਚ ਭਾਰੀ ਕਮੀ ਆਈ ਹੈ ਤੇ ਅਜਿਹਾ ਬਿਜਲੀ ਚੋਰੀ ਨੂੰ ਰੋਕਣ ਲਈ ਕੀਤੇ ਜਾ ਰਹੇ ਲਗਾਤਾਰ ਯਤਨਾਂ ਤੇ ਬਿਜਲੀ ਚੋਰੀ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਕਾਰਨ ਹੋਇਆ ਹੈ।ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਡਾਇਰੈਕਟਰ ਪ੍ਰਸ਼ਾਸਨ ਜਸਬੀਰ ਸਿੰਘ ਸੁਰ ਸਿੰਘ ਨੇ ਇਹ ਪ੍ਰਗਟਾਵਾ ਕਰਦਿਆਂ ਕਿਹਾ ਕਿ ਪਹਿਲਾਂ ਅਕਾਲੀਆਂ ਅਤੇ ਕਾਂਗਰਸ ਦੀ ਅਗਵਾਈ ਵਾਲੀਆਂ ਸੂਬਾ ਸਰਕਾਰਾਂ ਬਿਜਲੀ ਚੋਰੀ ਨੂੰ ਰੋਕਣ ਵਿੱਚ ਬੁਰੀ ਤਰ੍ਹਾਂ ਅਸਫਲ ਰਹੀਆਂ ਸਨ।ਉਨ੍ਹਾਂ ਕਿਹਾ ਕਿ ਪਹਿਲਾਂ ਬਾਦਲ ਸਰਕਾਰ ਦੇ ਸੀਨੀਅਰ ਅਕਾਲੀ ਆਗੂਆਂ ਦੇ ਵਿਧਾਨ ਸਭਾ ਹਲਕਿਆਂ ਵਿੱਚ ਅਕਸਰ ਬਿਜਲੀ ਚੋਰੀ ਹੁੰਦੀ ਸੀ ਤੇ ਇਹ ਸੁਖਬੀਰ ਸਿੰਘ ਬਾਦਲ ਸਮੇਤ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦੀ ਸਰਪ੍ਰਸਤੀ ਹੇਠ ਕੀਤਾ ਜਾਂਦੀ ਸੀ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਵਿੱਤੀ ਸਾਲ 2020-21 ਅਤੇ 2021-22 ਦੌਰਾਨ ਬਿਜਲੀ ਚੋਰੀ ਕਾਰਨ ਪੀ.ਐੱਸ.ਪੀ.ਸੀ.ਐੱਲ. ਦੇ ਡਿਵੀਜ਼ਨ-ਵਾਰ ਘਾਟੇ ਅਨੁਸਾਰ ਪੱਟੀ-42.17% ਅਤੇ 48.49%, ਭੀਖੀਵਿੰਡ-50.68% ਅਤੇ 54.05%, ਪੱਛਮੀ ਅੰਮ੍ਰਿਤਸਰ-36% ਅਤੇ 42.70%, ਅਜਨਾਲਾ-34.74% ਅਤੇ 43.73%, ਜ਼ੀਰਾ: 32.14% ਅਤੇ 38.16%, ਬਾਘਾਪੁਰਾਣਾ-27.16% ਅਤੇ 30.19%, ਜਲਾਲਾਬਾਦ-27.43% ਅਤੇ 35.20%, ਬਾਦਲ-26.3% ਅਤੇ 26.14%, ਦਿੜ੍ਹਬਾ-10.75% ਅਤੇ 12.74%, ਮਲੋਟ-31.21% ਅਤੇ 38.25%, ਸਿਟੀ ਸੁਨਾਮ-18.41% ਅਤੇ 20.47% ਹੁੰਦੀ ਸੀ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਮਾਰਚ 2022 ਵਿੱਚ ਪੰਜਾਬ ਵਿੱਚ ਸਰਕਾਰ ਬਣਾਈ ਸੀ ਅਤੇ ਵਿੱਤੀ ਸਾਲ 2022-23 ਅਤੇ 2023-24 ਦੌਰਾਨ ਬਿਜਲੀ ਚੋਰੀ ਕਾਰਨ ਪੀ.ਐੱਸ.ਪੀ.ਸੀ.ਐੱਲ. ਦੇ ਡਿਵੀਜ਼ਨ-ਵਾਰ ਘਾਟੇ ਵਿੱਚ ਪੱਟੀ-42.54% ਅਤੇ 43.18%, ਭੀਖੀਵਿੰਡ-48.54% ਅਤੇ 48.93%, ਪੱਛਮੀ ਅੰਮ੍ਰਿਤਸਰ-39.81% ਅਤੇ 07%, ਅਜਨਾਲਾ-39.90% ਅਤੇ 42.07%, ਜ਼ੀਰਾ: 36.53% ਅਤੇ 36.51%, ਬਾਘਾਪੁਰਾਣਾ-26.76% ਅਤੇ 27.62%, ਜਲਾਲਾਬਾਦ-31.18% ਅਤੇ 32.67%, ਬਾਦਲ-25.33% ਅਤੇ 23.74%, ਦਿੜ੍ਹਬਾ-11.44% ਅਤੇ 12.77%, ਮਲੋਟ-35.31% ਅਤੇ 34.21%, ਸਿਟੀ ਸੁਨਾਮ-18.17% ਅਤੇ 17.47% ਰਿਹਾ ਹੈ।

ਜਸਬੀਰ ਸਿੰਘ ਨੇ ਕਿਹਾ ਕਿ ਇਹ ਤੁਲਨਾਤਮਕ ਅੰਕੜੇ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਬਿਜਲੀ ਚੋਰੀ ਨੂੰ ਵੱਧ ਤੋਂ ਵੱਧ ਹੱਦ ਤੱਕ ਘਟਾਇਆ ਗਿਆ ਹੈ।ਇਹ ਇਸ ਲਈ ਹੈ ਕਿਉਂਕਿ ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਪੀਐਸਪੀਸੀਐਲ ਨੂੰ ਸਪੱਸ਼ਟ ਹਦਾਇਤਾਂ ਦਿੱਤੀਆਂ ਹਨ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਜ਼ੀਰੋ ਟੋਲਰੈਂਸ ਨੀਤੀ ਦੇ ਅਨੁਸਾਰ ਬਿਜਲੀ ਚੋਰੀ ਦੀ ਜਾਂਚ ਲਈ ਰਾਜ ਭਰ ਵਿੱਚ ਵਿਸ਼ੇਸ਼ ਚੈਕਿੰਗ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਬਿਜਲੀ ਮੰਤਰੀ ਰੋਜ਼ਾਨਾ ਰਿਪੋਰਟਾਂ ਪ੍ਰਾਪਤ ਕਰ ਰਹੇ ਹਨ ਤੇ ਇਨ੍ਹਾਂ ਸਾਰੀਆਂ ਰਿਪੋਰਟਾਂ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਹਨ।

ਉਨ੍ਹਾਂ ਨੇ ਅੱਗੇ ਕਿਹਾ ਕਿ ਇਸ ਸਾਲ ਅਗਸਤ ਮਹੀਨੇ ਦੌਰਾਨ ਐਂਟੀ ਪਾਵਰ ਥੈਫਟ ਪੁਲਿਸ ਸਟੇਸ਼ਨਾਂ ਵਿੱਚ 296 ਐਫਆਈਆਰ ਦਰਜ ਕੀਤੀਆਂ ਗਈਆਂ ਹਨ।ਇਸ ਤੋਂ ਇਲਾਵਾ, ਭ੍ਰਿਸ਼ਟ ਗਤੀਵਿਧੀਆਂ 'ਚ ਸ਼ਾਮਲ ਹੋਣ ਲਈ 38 ਕਰਮਚਾਰੀਆਂ ਦੀਆਂ ਸੇਵਾਵਾਂ ਖ਼ਤਮ ਕੀਤੀਆਂ ਗਈਆਂ ਹਨ।

ਰੱਤੜ ਛੱਤੜ ਦਾ ਸਾਲਾਨਾ ਤਿੰਨ ਰੋਜ਼ਾ ਮੇਲਾ ਸੰਪੰਨ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ) ਪਿੰਡ ਰੱਤੜ ਛੱਤੜ ਵਿਖੇ ਐਨ ਆਰ ਆਈ ਸੰਤ ਪਰਵਾਰ ਦੇ ਮੁਖੀ ਸੰਤ ਗੁਰਚਰਨ ਸਿੰਘ ਚੀਮਾ ਮੁੱਖ ਸੇਵਾਦਾਰ ਦਰਗਾਹ ਬਾਬਾ ਪੀਰ ਅਮਾਮ ਸ਼ਾਹ ਜੀ (ਰੋਜ਼ਾ ਸ਼ਰੀਫ਼) ਦੀ ਅਗਵਾਈ ਹੇਠ ਕਰਾਇਆ ਗਿਆ।

ਸਲਾਨਾ ਤਿੰਨ ਰੋਜ਼ਾ ਪੰਜਾਬੀ ਸੱਭਿਆਚਾਰਕ, ਸੂਫ਼ੀਆਨਾ ਤੇ ਖੇਡ ਮੇਲਾ ਅਮਿੱਟ ਯਾਦਾਂ ਛੱਡਦਾ ਸੰਪੰਨ ਹੋ ਗਿਆ।

ਮੇਲੇ ਦੇ ਆਖਰੀ ਦਿਨ ਪੀਰ ਬਾਬਾ ਅਮਾਨ ਸ਼ਾਹ ਦੀ ਦਰਗਾਹ ਤੇ ਸੰਤ ਪਰਵਾਰ ਵੱਲੋਂ ਸੂਫ਼ੀਆਨਾ ਮਹਿਫਲ ਸਜਾਈ ਗਈ, ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕਵਾਲ ਗੁਰਮੇਜ ਬਖਸ਼ੀ ਫ਼ਤਿਹਗੜ੍ਹ ਚੂੜੀਆਂ ਵਾਲਿਆਂ ਦੇ ਕਵਾਲ ਗਰੁੱਪ ਨੇ ਪੀਰਾਂ ਫ਼ਕੀਰਾਂ ਨੂੰ ਸਜਦਾ ਕਰਦੇ ਹੋਏ ਆਪਣੀ ਮਿੱਠੀ ਅਵਾਜ਼ ਨਾਲ 'ਹਾਲ ਏ ਦਿਲ ਕਿਸ ਕੋ ਸੁਣਾਏ, ਆਪ ਕੇ ਹੋਤੇ ਹੂਏ', 'ਅੱਜ ਮੇਲਾ ਲੱਗਿਆ ਇਮਾਮ ਅਲੀ ਸ਼ਾਹ ਦੇ ਕਿੱਡਾ ਸੋਹਣਾ ਲੱਗਦਾ ਏ', 'ਮੇਲਾ ਇਮਾਮ ਅਲੀ ਸ਼ਾਹ ਦੇ ਦਰਬਾਰ 'ਤੇ, 'ਮੈਂ ਜਦੋ ਦੀ ਦਰਬਾਰ 'ਤੇ ਆਈ, ਮੈਨੂੰ ਥੋੜ੍ਹ ਕੋਈ ਨਾ ਆਈ ਏ' ਕੱਵਾਲੀਆਂ ਸੁਣਾ ਕੇ ਹਾਜ਼ਰੀਨ ਨੂੰ ਫ਼ਕੀਰਾਂ ਦੇ ਰੰਗ ਵਿੱਚ ਰੰਗ ਦਿੱਤਾ।

ਮੇਲਾ ਪ੍ਰਬੰਧਕਾਂ ਵੱਲੋਂ ਆਈਆਂ ਪ੍ਰਮੁੱਖ ਸ਼ਖਸ਼ੀਅਤਾ ਨੂੰ ਦੁਸ਼ਾਲੇ ਤੇ ਸਨਮਾਨ ਚਿੰਨ੍ਹ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸੁਖਵੰਤ ਸਿੰਘ ਸਵਿਟਜ਼ਰਲੈਂਡ, ਜਗਜੀਤ ਸਿੰਘ ਇਟਲੀ, ਜਗਜੀਤ ਸਿੰਘ ਸਵਿਟਜ਼ਰਲੈਂਡ, ਕੁਲਤਾਰ ਸਿੰਘ ਯੂ ਐਸ ਏ, ਜ਼ੋਰਾਵਰ ਸਿੰਘ ਤੇ ਅੰਮ੍ਰਿਤ ਸਿੰਘ ਸਵਿਟਜ਼ਰਲੈਂਡ, ਹਰਭਜਨ ਸਿੰਘ ਚੀਮਾ ਮੇਲਾ ਪ੍ਰਬੰਧਕ, ਦਤਾਰ ਸਿੰਘ ਚੀਮਾ, ਕੁਲਰਾਜ ਚੀਮਾ ਯੂ ਐਸ ਏ, ਕਰਨ ਚੀਮਾ, ਥਾਣੇਦਾਰ ਤਰਲੋਕ ਸਿੰਘ, ਬਾਬਾ ਕਰਤਾਰ ਜੀ ਸਿੰਘਪੁਰਾ, ਰਵਿੰਦਰ ਸਿੰਘ ਹੈਪੀ, ਬਲਬੀਰ ਸਿੰਘ ਨਾਗੀ, ਲੰਬੜਦਾਰ ਸਤਨਾਮ ਸਿੰਘ, ਦਵਿੰਦਰ ਸਿੰਘ ਸ਼ੇਰਾ ਬੇਗੋਵਾਲ, ਮੇਜਰ ਸਿੰਘ ਠੇਠਰਕੇ ਤੇ ਹੋਰ ਸੰਗਤਾਂ ਹਾਜ਼ਰ ਸਨ।

ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਾਉਣ ਹਿੱਤ ਰੁਜ਼ਗਾਰ ਮੇਲਾ ਅੱਜ

ਗੁਰਦਾਸਪੁਰ, (ਜਨਕ ਮਹਾਜਨ) ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿੱਚ ਜ਼ਿਲ੍ਹੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਾਉਣ ਹਿੱਤ ਰੁਜ਼ਗਾਰ ਮੇਲੇ ਲਾਏ ਜਾ ਰਹੇ ਹਨ। ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪ੍ਰਸ਼ੋਤਮ ਸਿੰਘ ਨੇ ਦੱਸਿਆ ਕਿ 13 ਸਤੰਬਰ ਨੂੰ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿਖੇ ਮਾਰੂਤੀ ਸਜ਼ੂਕੀ ਪ੍ਰਾਈਵੇਟ ਲਿਮਟਿਡ ਤੇ ਅੰਨਾਪੂਰਨਾ ਫਾਇਨਾਂਸ ਲਿਮਟਿਡ ਗੁਰਦਾਸਪੁਰ ਵੱਲੋਂ ਸੈਲਸਮੈਨ, ਇਵੈਲੂਏਟਰ, ਬ੍ਰਾਂਚ ਮੈਨੇਜਰ, ਰਿਲੈਸ਼ਨਸ਼ੀਪ ਮੈਨੇਜਰ ਤੇ ਲੋਨ ਪਰੋਵਾਇਡਰ ਕੰਪਨੀ ਵਿੱਚ ਰੈਗੂਲਰ ਅਤੇ ਪਾਰਟ ਟਾਈਮ ਕੰਮ ਕਰਨ ਲਈ ਖਾਲੀ ਅਸਾਮੀਆਂ ਵਾਸਤੇ ਲੜਕੇ ਅਤੇ ਲੜਕੀਆਂ ਦੀ ਚੋਣ ਕੀਤੀ ਜਾਵੇਗੀ। ਇਨ੍ਹਾਂ ਵੱਖ-ਵੱਖ ਅਸਾਮੀਆਂ ਲਈ ਯੋਗਤਾ 10ਵੀਂ, 12ਵੀਂ ਪਾਸ, ਗ੍ਰੈਜੂਏਸ਼ਨ ਹੋਣੀ ਚਾਹੀਦੀ ਹੈ। ਇਨ੍ਹਾਂ ਕੰਪਨੀਆਂ ਵਿੱਚ ਇੰਟਰਵਿਊ ਦੇਣ ਲਈ ਉਮਰ ਦੀ ਹੱਦ 21 ਤੋਂ 37 ਸਾਲ ਹੈ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਨੇ ਪ੍ਰਾਰਥੀਆਂ ਨੂੰ ਵੱਖ-ਵੱਖ ਕੰਪਨੀਆਂ ਵੱਲੋਂ ਯੋਗਤਾ ਅਨੁਸਾਰ 12000 ਤੋਂ 15000 ਤੱਕ ਸੈਲਰੀ ਦਾ ਪੈਕਜ ਦਿੱਤਾ ਜਾਵੇਗਾ।

ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ ਨੇ ਕਿਹਾ ਕਿ ਇੰਟਰਵਿਊ ਦੇਣ ਦੇ ਚਾਹਵਾਨ ਪ੍ਰਾਰਥੀ ਮਿਤੀ 13 ਸਤੰਬਰ ਨੂੰ ਸ਼ੁੱਕਰਵਾਰ ਵਾਲੇ ਦਿਨ ਆ

13-SEP-PAGE-12.qxd 9/12/2024 11:15 PM Page 1

ਜਨਮ ਦਿਨ ਮੁਬਾਰਕ

ਚਾਰਵੀ

ਰਿਆਨਵੀਰ ਸਿੰਘ, ਹੁਸ਼ਿਆਰਪੁਰ

ਪੁਰਾਣਾ ਪੈਨਸ਼ਨ ਪ੍ਰਾਪਤੀ ਫਰੰਟ ਨੇ ਸੰਗਰੂਰ ਪੈਨਸ਼ਨ ਮੋਰਚੇ ਦੀ ਤਿਆਰੀ ਲਈ ਕੀਤੀ ਅਹਿਮ ਮੀਟਿੰਗ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ (ਪੀ.ਪੀ.ਐੱਫ.) ਵੱਲੋਂ ਸਥਾਨਕ ਕੱਲਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਹਰਿਆਣਾ ਵਿਖੇ ਇੱਕ ਅਹਿਮ ਮੀਟਿੰਗ ਕੀਤੀ ਗਈ। ਜਿਸ ਵਿੱਚ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਕੈਬਨਿਟ ਮੰਤਰੀਆਂ/ ਵਿਧਾਇਕਾਂ ਨੂੰ ਜਾਰੀ ਕੀਤੇ ਜਾਣ ਵਾਲੇ ਕਾਰਨ ਦੱਸੋ ਨੋਟਿਸ ਅਤੇ ਸੰਗਰੂਰ ਵਿਖੇ ਲੱਗਣ ਵਾਲੇ ਤਿੰਨ ਦਿਨਾਂ ਪੈਨਸ਼ਨ ਪ੍ਰਾਪਤੀ ਮੋਰਚੇ ਦੀ ਤਿਆਰੀ ਸਬੰਧੀ ਵਿਸਥਾਰਤ ਚਰਚਾ ਅਤੇ ਵਿਉਂਤਬੰਦੀ ਕੀਤੀ ਗਈ। ਇਸ ਮੌਕੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਜ਼ ਸਾਂਝਾ ਫਰੰਟ ਦੇ ਆਗੂਆਂ ਤੇ ਚੰਡੀਗੜ੍ਹ ਵਿੱਚ ਕੀਤੇ ਰੋਸ ਪ੍ਰਦਰਸ਼ਨ ਨੂੰ ਨਿਸ਼ਾਨਾ ਬਣਾ ਕੇ ਦਰਜ ਕੀਤੇ ਪਰਚਿਆਂ ਖਿਲਾਫ਼ ਪੰਜਾਬ ਸਰਕਾਰ ਅਤੇ ਯੂ.ਟੀ. ਪ੍ਰਸ਼ਾਸਨ ਦੀ ਸਖ਼ਤ ਨਿਖੇਧੀ ਵੀ ਕੀਤੀ ਗਈ।ਇਸ ਮੀਟਿੰਗ ਵਿੱਚ ਲਏ ਫ਼ੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ (ਪੀ.ਪੀ.ਐੱਫ.) ਦੇ ਦੋਆਬਾ ਜ਼ੋਨ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ, ਸੂਬਾ ਕਮੇਟੀ ਮੈਂਬਰ ਮਨਜੀਤ ਸਿੰਘ ਦਸੂਹਾ, ਸੁਖਦੇਵ ਡਾਨਸੀਵਾਲ, ਮੁਕੇਸ਼ ਕੁਮਾਰ, ਵਿਪਨ ਸਨਿਆਲ ਅਤੇ ਹੈੱਡਮਾਸਟਰ ਸੰਜੀਵ ਕਲਸੀ ਆਦਿ ਆਗੂਆਂ ਨੇ ਦੱਸਿਆ ਕਿ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ ਫਰੰਟ ਵਲੋਂ ਸੂਬੇ ਦੇ ਸਮੂਹ ਕੈਬਨਿਟ ਮੰਤਰੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਪੁਰਾਣੀ ਪੈਨਸ਼ਨ ਦੇ ਮੁੱਦੇ ਨੂੰ ਹੱਲ ਨਾ ਕੀਤੇ ਜਾਣ ਖਿਲਾਫ ਰੋਸ ਦਰਜ ਕੀਤਾ ਜਾਵੇਗਾ। ਸੂਬੇ ਦੀ ਆਪ ਸਰਕਾਰ ਪੁਰਾਣੀ ਪੈਨਸ਼ਨ ਲਾਗੂ ਕਰਨ ਦੇ ਆਪਣੇ ਚੋਣ ਵਾਅਦੇ ਤੇ ਅਮਲ ਕਰਨ ਅਤੇ ਕੇਂਦਰੀ ਭਾਜਪਾ ਹਕੂਮਤ ਵੱਲੋਂ ਪੁਰਾਣੀ ਪੈਨਸ਼ਨ ਪ੍ਰਣਾਲੀ ਖਿਲਾਫ਼ ਵਿੱਢੇ ਹਮਲੇ ਅੱਗੇ ਗੋਡੇ ਟੇਕਦਿਆਂ ਸੂਬਾ ਦੇ ਐੱਨ.ਪੀ.ਐੱਸ ਮੁਲਾਜ਼ਮਾਂ ਦੇ ਹਿੱਤਾਂ ਦੀ ਰਾਖੀ ਕਰਨ ਵਿੱਚ ਮੁਕੰਮਲ ਨਾਕਾਮ ਸਾਬਤ ਹੋਈ ਹੈ। ਉਹਨਾਂ ਦੱਸਿਆ ਕਿ ਮੀਟਿੰਗ ਵਿੱਚ 1 ਤੋਂ 3 ਅਕਤੂਬਰ ਤੱਕ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ ਉਲੀਕੇ ਤਿੰਨ ਦਿਨਾ ਸੂਬਾਈ ਪੈਨਸ਼ਨ ਪ੍ਰਾਪਤੀ ਮੋਰਚੇ ਲਈ ਕਾਰਜ ਯੋਜਨਾ ਬਣਾਈ ਗਈ ਹੈ ਅਤੇ ਮੋਰਚੇ ਦੀ ਤਿਆਰੀ ਲਈ ਜ਼ਿਲ੍ਹੇ ਅੰਦਰ ਲਾਮਬੰਦੀ ਮੁਹਿੰਮ ਵਿੱਢਣ ਦਾ ਵੀ ਫੈਸਲਾ ਕੀਤਾ ਗਿਆ ਹੈ। ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਪ੍ਰਸਤਾਵਿਤ ਯੂ.ਪੀ.ਐੱਸ. ਸਕੀਮ ਵਿੱਚ ਪੁਰਾਣੀ ਪੈਨਸ਼ਨ ਦੇ ਲਾਭਕਾਰੀ ਮੱਦਾਂ ਨੂੰ ਸ਼ਾਮਲ ਕੀਤੇ ਜਾਣਾ ਮੁਲਾਜ਼ਮ ਸੰਘਰਸ਼ਾਂ ਦੀ ਅੰਸ਼ਿਕ ਪ੍ਰਾਪਤੀ ਜ਼ਰੂਰ ਹੈ। ਪਰ ਇਹ ਨਵੀਂ ਪੈਨਸ਼ਨ ਯੋਜਨਾ ਓ.ਪੀ.ਐੱਸ. ਸਕੀਮ ਦੀ ਅਧੂਰੀ ਨਕਲ ਹੈ। ਯੂ.ਪੀ.ਐੱਸ. ਉੱਤੇ ਪੰਜਾਬ ਸਰਕਾਰ ਦਾ ਕੋਈ ਪ੍ਰਤੀਕਰਮ ਨਾ ਆਉਣਾ, ਪੁਰਾਣੀ ਪੈਨਸ਼ਨ ਦੀ ਨਿਕਟ ਸਮੇਂ ਵਿੱਚ ਬਹਾਲੀ ਕੀਤੇ ਜਾਣ ਸਬੰਧੀ ਆਪ ਸਰਕਾਰ ਦੀ ਨੀਤ ਉੱਤੇ ਗੰਭੀਰ ਸ਼ੰਕੇ ਖੜ੍ਹੇ ਕਰਦਾ ਹੈ। ਉਹਨਾਂ ਮੰਗ ਕੀਤੀ ਕਿ ਆਪ ਸਰਕਾਰ ਐੱਨ.ਪੀ.ਐੱਸ ਕਟੌਤੀ ਬੰਦ ਕਰਕੇ, ਜੀ.ਪੀ.ਐੱਫ ਖਾਤੇ ਖੋਲ੍ਹ ਕੇ ਪੁਰਾਣੀ ਪੈਨਸ਼ਨ ਲਾਗੂ ਕਰਨ ਦੇ ਆਪਣੇ ਚੋਣ ਵਾਅਦੇ ਨੂੰ ਫੌਰੀ ਪੂਰਾ ਕਰੇ। ਅੱਧ ਅਧੂਰੀ ਯੂ.ਪੀ.ਐੱਸ. ਸਕੀਮ ਨੂੰ ਸੂਬੇ ਵਿੱਚ ਪੁਰਾਣੀ ਪੈਨਸ਼ਨ ਦੇ ਬਦਲ ਵਜੋਂ ਬਿਲਕੁਲ ਵੀ ਸਵੀਕਾਰ ਨਹੀ ਕੀਤਾ ਜਾਵੇਗਾ।ਇਸ ਮੌਕੇ ਵਰਿੰਦਰ ਸੈਣੀ, ਪਰਮਜੀਤ ਸਿੰਘ ਭੂੰਗਾ, ਬਲਕਾਰ ਸਿੰਘ ਮਘਾਣੀਆਂ, ਹਰਿੰਦਰ ਸਿੰਘ, ਅਸ਼ਨੀ ਕੁਮਾਰ, ਕਰਨੈਲ ਸਿੰਘ, ਦਲਜੀਤ ਸਿੰਘ, ਸ਼ਾਦੀ ਲਾਲ, ਜੀਵਨ ਸਿੰਘ, ਮਨਜੀਤ ਸਿੰਘ, ਅਜੈ ਕੁਮਾਰ, ਹਰਵਿੰਦਰ ਸਿੰਘ ਆਦਿ ਆਗੂ ਵੀ ਹਾਜ਼ਰ ਸਨ।

ਹਾਦਸੇ ਤੋਂ ਬਚਣ ਲਈ ਬੈਰੀਕੇਡ ਲਗਾ ਕੇ ਡੰਗ-ਟਪਾਈ ਕਰ ਰਿਹਾ ਸੜਕ ਵਿਭਾਗ

ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)- ਸਥਾਨਕ ਸ਼ਹਿਰ ਦੀ ਗੜ੍ਹਸ਼ੰਕਰ-ਹੁਸ਼ਿਆਰਪੁਰ ਮੁੱਖ ਸੜਕ ਨੇੜੇ ਕੋਰਟ ਕੰਪਲੈਕਸ ਕੋਲ ਸੜਕ ਦਾ ਕੁਝ ਹਿੱਸਾ ਹੇਠਾਂ ਵੱਲ ਨੂੰ ਧਸ ਗਿਆ ਹੈ ਜਿਸ ਨਾਲ ਸੜਕ ਨੇ ਕੁਝ ਥਾਂ 'ਤੇ ਖੱਡੇ ਦਾ ਰੂਪ ਧਾਰਨ ਕਰ ਲਿਆ ਹੈ। ਜਿਸ ਨਾਲ ਕਿਸੇ ਸਮੇਂ ਕਿਸੇ ਤਰ੍ਹਾਂ ਦਾ ਹਾਦਸਾ ਵਾਪਰ ਸਕਦਾ ਹੈ। ਸਥਾਨਕ ਸੜਕ ਵਿਭਾਗ ਵਲੋਂ ਇਸ ਦੀ ਰਿਪੇਅਰ ਕਰਨ ਦੀ ਬਜਾਏ ਬੈਰੀਕੇਡ ਲਗਾ ਦਿੱਤਾ ਹੈ ।ਸਥਾਨਕ ਕੁਝ ਦੁਕਾਨਦਾਰਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਕੁਝ ਸਮਾਂ ਪਹਿਲਾਂ ਇਸ ਸੜਕ ਦਾ ਇਸੇ ਥਾਂ 'ਤੇ ਪੈਚਵਰਕ ਵੀ ਕੀਤਾ ਗਿਆ ਸੀ ਪਰ ਸੜਕ ਫਿਰ ਤੋਂ ਹੇਠਾਂ ਵੱਲ ਧਸ ਗਈ। ਉਹਨਾਂ ਸਥਾਨਕ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਜਲਦ ਹੀ ਇਸ ਸੜਕ ਦੀ ਰਿਪੇਅਰ ਕੀਤੀ ਜਾਵੇ ਨਹੀਂ ਤਾਂ ਕਿਸੇ ਸਮੇਂ ਵੀ ਹਾਦਸਾ ਵਾਪਰ ਸਕਦਾ ਹੈ। ਇਸ ਸਬੰਧੀ ਵਿਭਾਗ ਦੇ ਜੇ ਈ ਕਮਲਜੀਤ ਨੇ ਕਿਹਾ ਕਿ ਹੇਠਲੇ ਪਾਸੇ ਸੀਵਰੇਜ ਦੀ ਲਾਈਨ ਜਾ ਰਹੀ ਹੈ, ਹੋ ਸਕਦਾ ਹੈ ਕਿ ਉਹ ਲਾਈਨ ਵਿੱਚ ਕੋਈ ਦਿੱਕਤ ਹੋਵੇ ਪਰ ਜਲਦੀ ਹੀ ਇਸ ਸੜਕ ਦੀ ਰਿਪੇਅਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਨੂਰਮਹਿਲ 'ਚ ਭਲਕੇ ਹੋਣ ਵਾਲੀ ਕਾਨਫਰੰਸ ਸੰਬੰਧੀ ਬੀਟਲਾਂ ਤੇ ਉਧੋਵਾਲ 'ਚ ਮੀਟਿੰਗ

ਮਹਿਤਪੁਰ (ਰਾਜਾ)- ਕਿਰਤੀ ਕਿਸਾਨ ਯੂਨੀਅਨ ਵੱਲੋਂ ਪਿੰਡ ਬੀਟਲਾਂ ਅਤੇ ਪਿੰਡ ਉਧੋਵਾਲ ਵਿੱਚ ਵੱਖ-ਵੱਖ ਪਿੰਡਾਂ ਤੋਂ ਆਏ ਕਿਸਾਨਾਂ ਅਤੇ ਬੀਬੀਆਂ ਦੇ ਨੁਮਾਇੰਦਿਆਂ ਦੀ ਮੀਟਿੰਗ ਵਿੱਚ ਨੂਰਮਹਿਲ ਵਿਖੇ 14 ਸਤੰਬਰ ਨੂੰ ਕੀਤੀ ਜਾ ਰਹੀ ਕਿਸਾਨ ਕਾਨਫਰੰਸ ਵਿੱਚ ਪਹੁੰਚਣ ਦਾ ਸੱਦਾ ਦਿੱਤਾ। ਵੱਖ-ਵੱਖ ਪਿੰਡਾਂ ਤੋਂ ਆਏ ਆਗੂਆਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਵੱਡੀ ਗਿਣਤੀ ਵਿੱਚ ਕਿਸਾਨ ਕਾਨਫਰੰਸ ਵਿੱਚ ਸ਼ਾਮਿਲ ਹੋਣਗੇ ।ਇਸ ਮੌਕੇ ਕਿਸਾਨ ਆਗੂ ਮੱਖਣ ਸਿੰਘ ਕੰਦੋਲਾ ਅਤੇ ਰਜਿੰਦਰ ਸਿੰਘ ਮੰਡ ਨੇ ਕਿਹਾ ਕਿ ਕਿਸਾਨਾਂ ਨਾਲ ਸੰਬੰਧਤ ਭੱਖਦੇ ਮਸਲਿਆਂ 'ਤੇ ਕੀਤੀ ਜਾ ਰਹੀ ਕਿਸਾਨ ਕਾਨਫਰੰਸ ਵਿਛੜ ਚੁੱਕੇ ਸਾਥੀ ਸੰਤੋਖ ਸਿੰਘ ਤੱਗੜ ਨੂੰ ਸਮਰਪਿਤ ਹੋਵੇਗੀ। ਜਿਹੜੇ ਆਪਣੇ ਆਖਰੀ ਸਾਹਾਂ ਤੱਕ ਕਿਸਾਨ ਲਹਿਰ ਨੂੰ ਸਮਰਪਿਤ ਰਹੇ। ਕੀਤੀਆਂ ਗਈਆਂ ਇਹਨਾਂ ਮੀਟਿੰਗਾਂ ਵਿੱਚ ਪਾਸ ਇੱਕ ਮਤੇ ਵਿੱਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕੀ ਬੱਸਾਂ ਦੇ ਕਿਰਾਏ ਵਿੱਚ ਕੀਤੇ ਗਏ ਵਾਧੇ ਨੂੰ ਤੁਰੰਤ ਵਾਪਸ ਲਵੇ। ਉਨ੍ਹਾ ਕਿਹਾ ਕਿ ਇਹ ਵਾਧਾ 23 ਪੈਸੇ ਤੋਂ ਲੈ ਕੇ ਬੱਸਾਂ ਦੇ ਹਿਸਾਬ ਨਾਲ 290 ਪੈਸੇ ਤੱਕ ਹੋਇਆ ਹੈ। ਜਿਸ ਨਾਲ ਘੱਟੋ ਘੱਟ ਕਿਰਾਇਆ 10 ਰੁਪਏ ਤੋਂ 15 ਰੁਪਏ ਤੱਕ ਵਧ ਗਿਆ ਹੈ। ਇਸ ਨਾਲ ਕਿਸਾਨਾਂ ਅਤੇ ਮਜ਼ਦੂਰਾਂ ਅਤੇ ਆਮ ਮਿਹਨਤਕਸ਼ ਜਨਤਾ 'ਤੇ ਭਾਰੀ ਬੋਝ ਪਵੇਗਾ।ਸੂਬਾ ਸਰਕਾਰ ਨੇ ਪੈਟਰੋਲ ਡੀਜ਼ਲ 'ਤੇ ਵੈਟ ਵਧਾ ਕੇ ਕੀਮਤਾਂ ਵਿੱਚ ਵਾਧਾ ਕੀਤਾ ਹੈ । 92 ਪੈਸੇ ਵਾਧੇ ਨਾਲ ਮਹਿੰਗਾਈ ਦੀਆਂ ਦਰਾਂ ਵਿੱਚ ਹੋਰ ਵਾਧਾ ਹੋਣ ਨਾਲ ਨਿਤ ਵਰਤੋਂ ਦੀਆਂ ਚੀਜ਼ਾਂ ਹੋਰ ਮਹਿੰਗੀਆਂ ਹੋਣਗੀਆਂ ਜਿਹੜੀਆਂ ਪਹਿਲਾਂ ਹੀ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਤਹਿਸੀਲ ਪ੍ਰਧਾਨ ਸਾਬਕਾ ਸਰਪੰਚ ਬਚਨ ਸਿੰਘ, ਰਤਨ ਸਿੰਘ, ਸਾਬਕਾ ਸਰਪੰਚ ਦਲਬੀਰ ਸਿੰਘ, ਬਖਸ਼ੀਸ਼ ਸਿੰਘ ਗਿਆਨ ਸਿੰਘ, ਅਮਰ ਸਿੰਘ ਅਤੇ ਕਿਸਾਨ ਆਗੂ ਬੀਬੀ ਸੁਰਜੀਤ ਕੌਰ ਮਾਨ, ਇਸਤਰੀ ਜਾਗਰਿਤ ਦੀ ਮੰਚ ਦੀ ਜ਼ਿਲ੍ਹਾ ਪ੍ਰਧਾਨ ਅਨੀਤਾ ਸੰਧੂ ਨੇ ਵੀ ਸੰਬੋਧਨ ਕੀਤਾ।

ਪਾਸਲਾ ਤੇ ਜਾਮਾਰਾਏ ਨੇ ਕੀਤਾ ਬਿਜਲੀ ਕਾਮਿਆਂ ਦੇ ਹੱਕੀ ਘੋਲ ਨੂੰ ਸਹਿਯੋਗ ਦੇਣ ਦਾ ਐਲਾਨ

ਜਲੰਧਰ : ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਅਤੇ ਪੰਜਾਬ ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਪੰਜਾਬ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਵਲੋਂ ਬਿਜਲੀ ਕਾਮਿਆਂ ਦੇ ਹੱਕੀ ਘੋਲ ਨੂੰ ਜਾਬਰ ਹਥਕੰਡਿਆਂ ਰਾਹੀਂ ਦਬਾਉਣ ਦੀ ਕੋਝੀ ਮਨਸ਼ਾ ਤਹਿਤ ਐਸਮਾ ਲਾਉਣ ਦੀ ਕਰੜੀ ਨਿੰਦਾ ਕੀਤੀ ਹੈ। ਪਾਸਲਾ ਅਤੇ ਜਾਮਾਰਾਏ ਨੇ ਕਿਹਾ ਕਿ ਸਰਕਾਰ ਅਤੇ ਪਾਵਰਕਾਮ ਦੇ ਉੱਚ ਅਧਿਕਾਰੀ ਇਹ ਮਾਰੂ ਰਾਹ ਤਿਆਗ ਕੇ ਲੜ ਰਹੇ ਕਾਮਿਆਂ ਦੀ ਸਬਰ ਨਾਲ ਗੱਲ ਸੁਣਨ ਤੇ ਉਨ੍ਹਾਂ ਦੇ ਨਿਆਂਸੰਗਤ ਮਸਲੇ ਸੁਹਿਰਦਤਾ ਨਾਲ ਹੱਲ ਕਰਨ। ਉਨ੍ਹਾਂ ਬਿਜਲੀ ਕਾਮਿਆਂ ਦੇ ਵਾਜਬ ਘੋਲ ਨੂੰ ਪੂਰਾ ਸਮਰਥਨ ਦੇਣ ਦਾ ਐਲਾਨ ਵੀ ਕੀਤਾ ਹੈ। ਸਮੂਹ ਪੰਜਾਬ ਵਾਸੀਆਂ ਨੂੰ ਇਸ ਘੋਲ ਦੇ ਹੱਕ ਵਿਚ ਨਿੱਤਰਣ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਬਿਜਲੀ ਕਾਮਿਆਂ ਦਾ ਇਹ ਘੋਲ ਕੇਵਲ ਮੁਲਾਜ਼ਮਾਂ ਦੇ ਮੰਗਾਂ-ਮਸਲਿਆਂ ਤੱਕ ਹੀ ਸੀਮਤ ਨਹੀਂ ਹੈ ਬਲਕਿ ਇਹ ਪੰਜਾਬ ਦੇ ਚੰਗੇਰੇ ਭਵਿੱਖ ਲਈ ਲੜਿਆ ਜਾ ਰਿਹਾ ਸੰਗਰਾਮ ਵੀ ਹੈ।

ਪਟਿਆੜੀਆਂ ਵਾਸੀ ਮਨਰੇਗਾ ਨੂੰ ਨਹੀਂ ਮਿਲੀ ਕੈਟਲ ਸ਼ੈੱਡ ਦੇ ਮਟੀਰੀਅਲ ਦੀ ਪੇਮੈਂਟ

ਮੋਹਟੀਆਣਾ (ਜਗਤਾਰ ਸਿੰਘ ਭੁੰਗਰਨੀ)-ਜਦੋਂ ਸਰਕਾਰੀ ਸਹੂਲਤਾਂ ਭ੍ਰਿਸ਼ਟਾਚਾਰ ਦੀ ਭੇਟ ਚੜ੍ਹਦੀਆਂ ਹਨ ਤਾਂ ਹੀ ਗਰੀਬ ਲੋਕ ਕਰਜ਼ੇ ਥੱਲੇ ਦਬਦੇ ਜਾ ਰਹੇ ਨੇ।ਕੈਟਲ ਸ਼ੈਡਾਂ ਦੀ ਵਧੀਆ ਸਕੀਮ ਵੀ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਅਤੇ ਨਿੱਜੀ ਹਿੱਤਾਂ ਦੀ ਪੂਰਤੀ ਤੱਕ ਹੀ ਹੋ ਕੇ ਰਹਿ ਗਈ।ਕਈ ਗੈਰ ਕਾਨੂੰਨੀ ਢੰਗ ਨਾਲ ਲਾਭ ਲੈ ਗਏ ਤੇ ਕਈ ਗਰੀਬ ਵਿਚਾਰੇ ਲਾਭ ਲੈਣ ਲਈ ਤਰਲੋ ਮੱਛੀ ਹੋਏ।ਪੰਚਾਇਤੀ ਰਾਜ ਵਿਚ ਘਪਲੇ ਅਸਮਾਨ ਛੂਹ ਰਹੇ ਹਨ ਤੇ ਆਪ ਸਰਕਾਰ ਇਮਾਨਦਾਰੀ ਹੋਣ ਦੇ ਦਾਅਵੇ ਕਰ ਰਹੀ ਹੈ।ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਅਤੇ ਸੋਨੂ ਮਹਿਤਪੁਰ ਵਾਸੀ ਨੇ ਪਿੰਡ ਪਟਿਆੜੀਆਂ ਵਿਖੇ ਜਾ ਕੇ ਮਨਰੇਗਾ ਵਰਕਰ (ਜਾਬ ਕਾਰਡ ਨੰਬਰ:10) ਦੀਆਂ ਮੁਸ਼ਕਲਾਂ ਸੁਣੀਆਂ ਤੇ ਦੱਸਿਆ ਕਿ ਮਨਰੇਗਾ ਵਰਕਰ ਨੂੰ ਪਿਛਲੇ 4 ਸਾਲਾਂ ਤੋਂ ਬਣੀ ਕੈਟਲ ਸ਼ੈਡ ਦੇ ਮਟੀਰੀਅਲ ਦੀ ਪੇਮੈਂਟ ਲਈ ਦਫਤਰ ਬਲਾਕ 2 ਹੁਸ਼ਿਆਰਪੁਰ ਵਲੋਂ ਅੱਜਕਲ੍ਹ, ਅੱਜਕਲ੍ਹ ਦੀ ਰੱਟ ਲਗਾਉਣ ਤੇ ਵਰਕਰ ਨੂੰ ਪ੍ਰੇਸ਼ਾਨ ਕਰਨ ਤੇ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਭ੍ਰਿਸ਼ਟਾਚਾਰ ਨਾਲ ਲੱਥ ਪੱਥ ਹੋਏ ਪੇਂਡੂ ਪੰਚਾਇਤੀ ਵਿਭਾਗ ਦਾ ਕੰਮ ਹੀ ਮਨਰੇਗਾ ਵਰਕਰਾਂ ਨੂੰ ਪ੍ਰਸ਼ਾਨ ਕਰਨਾ ਰਹਿ ਗਿਆ ਹੈ।ਧੀਮਾਨ ਨੇ ਦੱਸਿਆ ਕਿ ਵਰਕਰ ਸੁਖਵਿੰਦਰ ਕੌਰ ਨੇ ਕੈਟਲ ਸ਼ੈਡ ਬਣਾਉਣ ਲਈ ਮਸਟਰੋਲ ਨੰਬਰ 1244 ਮਿਤੀ 30.:-07.:2020 ਤੋਂ ਲੈ ਕੇ ਮਸਟਰੋਲ ਨੰਬਰ 1337, 1676, 2172, 2898, 3098 ਤਹਿਤ ਕੁਲ 52 ਦਿਹਾੜੀਆਂ ਦਾ ਕੰਮ ਕੀਤਾ।ਜੋ ਕਿ ਕੀਤੇ ਕੰਮ ਦੀ ਪੇਮੈਂਟ 13,676 ਰੁ: ਦੀ ਮਿਲ ਚੁੱਕੀ ਹੈ।ਪਰ ਮਟੀਰੀਅਲ ਦੀ ਪੇਮੈਂਟ ਨਹੀਂ ਮਿਲ ਰਹੀ।ਸਰਕਾਰ ਦੀਆਂ ਗਲਤ ਨੀਤੀਆਂ ਦਾ ਖਮਿਆਜ਼ਾ ਗਰੀਬ ਦਿਹਾੜੀਦਾਰ ਮਨਰੇਗਾ ਵਰਕਾਂ ਨੂੰ ਭੁਗਤਣਾ ਪੈਂਦਾ ਹੈ।ਪਹਿਲਾਂ ਲੋਕਾਂ ਨੂੰ ਅਪਣੇ ਕੋਲੋਂ ਜਾਂ ਉਧਾਰ ਲੈ ਕੇ ਪੈਸੇ ਖਰਚਣੇ ਪੈਂਦੇ ਹਨ ਤੇ ਬਾਅਦ ਵਿਚ ਪੇਮੈਂਟ ਲੈਣੀ ਪੈਂਦੀ ਹੈ।ਕੈਟਲ ਸ਼ੈਡ ਦੀ ਕੁੱਲ ਲਾਗਤ ਸਮੇਤ ਦਿਹਾੜੀਆਂ ਸਮੇਤ 60000 ਰੁ: ਸੀ ਤੇ ਬਾਕੀ 46,324 ਰੁ: ਦੀ ਪੇਮੈਂਟ ਬਕਾਇਆ ਰਹਿੰਦੀ ਹੈ।ਉਨ੍ਹਾਂ ਕਿਹਾ ਕਿ ਸਮੇਂ ਸਿਰ ਮਟੀਰੀਅਲ ਦੀ ਪੇਮੈਂਟ ਨਾ ਮਿਲਣ ਕਾਰਨ, ਕੈਟਲ ਸ਼ੈਡ ਬਣਾਉਣਾ ਸੰਤਾਪ ਬਣੀ।ਜਦੋਂ ਇਹ ਸਾਰਾ ਕੁਝ ਬਲਾਕ 2 ਹੁਸ਼ਿਆਰਪੁਰ ਦੇ ਦਫਤਰ ਦੀ ਅਣਗਹਿਲੀ ਹੈ।ਅਜਿਹਾ ਧੱਕਾ ਹਮੇਸ਼ਾ ਗਰੀਬ ਨਾਲ ਹੀ ਹੁੰਦਾ ਹੈ।ਅਗਰ ਮਨਰੇਗਾ ਵਰਕਰ 100 ਦਿਨਾਂ ਦੇ ਕੰਮ ਦੀ ਮੰਗ ਕਰਦੇ ਹਨ ਤਾਂ ਵੀ ਮਨਰੇਗਾ ਟੀਮ ਵਲੋਂ ਆਨੇ ਬਹਾਨੇ ਪਾ ਕੇ ਕੰਮ ਦੀ ਮੰਗ ਕਰਨ ਲਈ ਵੀ ਅੜਿਕੇ ਪਾਏ ਜਾਂਦੇ ਹਨ।ਧੀਮਾਨ ਨੇ ਕਿਹਾ ਕਿ ਕੈਟਲ ਸ਼ੈਡਾਂ ਵਿਚ ਵੱਡੀਆਂ ਬੇਨਿਯਮੀਆਂ ਪੰਚਾਇਤੀ ਰਾਜ ਦੇ ਸਬੰਧਤ ਅਧਿਕਾਰੀਆਂ ਅਤੇ ਮਨਰੇਗਾ ਟੀਮ ਨੇ ਕੀਤੀਆਂ ਹਨ ਤੇ ਉਸ ਦੀ ਅਪਣੇ ਆਪ ਨੂੰ ਇਮਾਨਦਾਰ ਕਹਿਣ ਵਾਲੀ ਸਰਕਾਰ ਦੇ ਰਾਜ ਪ੍ਰਬੰਧ ਹੇਠ ਸਾਰਾ ਭ੍ਰਿਸ਼ਟਾਚਾਰ ਸਰਕਾਰ ਨੇ ਖੁਦ ਦਬਾ ਕੇ ਰੱਖ ਦਿੱਤਾ।ਕਿਸੇ ਵੀ ਵਿਧਾਇਕ ਨੇ ਨਾ ਤਾਂ ਖੁਦ ਇਮਾਨਦਾਰੀ ਨਾਲ ਪੜਤਾਲ ਕੀਤੀ ਅਤੇ ਨਾ ਹੀ ਸਰਕਾਰ ਨੇ ਵਿਜੀਲੈਂਸ ਵਿਭਾਗ ਤੋਂ ਪੜਤਾਲ ਕਰਵਾ ਕੇ ਲੋਕਾਂ ਨੂੰ ਇਨਸਾਫ ਦਿਤਾ।ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਲੋਕਪਾਲ ਮਨਰੇਗਾ ਅਤੇ ਸਹਾਇਕ ਵਿਕਾਸ ਕਮਿਸ਼ਨਰ (ਮਨਰੇਗਾ) ਪੰਜਾਬ ਨੂੰ ਵੀ ਸ਼ਿਕਾਇਤ ਦਰਜ ਕਰਵਾ ਕੇ ਪੇਮੈਂਟ ਸਮੇਤ ਮੁਆਵਜਾ ਦੇਣ ਦੀ ਮੰਗ ਕੀਤੀ।

ਸੜਕਾਂ ਨੂੰ ਆਧੁਨਿਕ ਲੀਹਾਂ 'ਤੇ ਬਣਾ ਕੇ ਪੂਰੇ ਪੰਜਾਬ 'ਚ ਰੋਲ ਮਾਡਲ ਵ